Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਜੂਨ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਗੁਰ ਜੋਤਿ ਅਰਜਨ ਮਾਹਿ ਧਰੀ



ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 10 ਵਿਸਾਖ 1620 ਬਿਕਰਮੀ ਮੁਤਾਬਕ 15 ਅਪ੍ਰੈਲ ਸੰਨ 1563ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਬੀਬੀ ਭਾਨੀ ਜੀ ਦੀ ਕੁੱਖੋਂ ਹੋਇਆ ਸੀ। ਆਪ ਜੀ ਦਾ ਮੁੱਖੜਾ ਬੜਾ ਪਿਆਰਾ ਅਤੇ ਨੈਣ ਨਕਸ਼ ਬੜੇ ਦਿਲ ਖਿੱਚਵੇਂ ਸਨ। ਹਰ ਕੋਈ ਜਦੋਂ ਆਪ ਜੀ ਨੂੰ ਵੇਖਦਾ ਤਾਂ ਆਪ ਮੁਹਾਰੇ ਹੀ ਉਸ ਨੂੰ ਪਿਆਰ ਟੱਪਕਣ ਲੱਗ ਜਾਂਦਾ।

ਆਪ ਜੀ ਅਜੇ ਛੋਟੇ ਹੀ ਸਨ ਤਾਂ ਆਪ ਜੀ ਦੇ ਨਾਨਾ ਜੀ ਸ਼੍ਰੀ ਗੁਰੂ ਅਮਰਦਾਸ ਜੀ ਗੁਰੂ ਗੱਦੀ ਉੱਤੇ ਬਿਰਾਜਮਾਨ ਸਨ ਇੱਕ ਦਿਨ ਬਾਲ ਅਰਜਨ ਦੇਵ ਜੀ ਰਿੜਦੇ-ਰਿੜਦੇ ਗੁਰ ਗੱਦੀ ਕੋਲ ਪੁੱਜ ਗਏ ਅਤੇ ਉੱਤੇ ਬੈਠਣ ਲਈ ਆਪਣੀ ਇੱਕ ਲੱਤ ਉੱਚੀ ਕਰਨ ਲੱਗੇ। ਇਹ ਵੇਖ ਕੇ ਸ਼੍ਰੀ ਗੁਰੂ ਅਮਰਦਾਸ ਜੀ ਨੇ ਸੁਭਾਵਕ ਹੀ ਆਖਿਆ, "ਪੁੱਤਰ ਅਜੇ ਸਬਰ ਕਰੋ" ਨਾਲ ਹੀ ਵਰ ਦਿੱਤਾ "ਦੋਹਤਾ ਬਾਣੀ ਕਾ ਬੋਹਿਥਾ" ਇਸ ਪ੍ਰਕਾਰ ਕਈ ਵਰ ਦਿੰਦੇ ਹੋਏ ਬਾਲ ਅਰਜਨ ਦੇਵ ਜੀ ਨੂੰ ਆਪਣੀ ਗੋਦੀ ਵਿੱਚ ਬਿਠਾ ਲਿਆ ਤੇ ਪਿਆਰ ਕੀਤਾ। ਕੁਝ ਸਮੇਂ ਪਿੱਛੋਂ ਆਪ ਜੀ ਦੇ ਪਿਤਾ ਭਾਈ ਜੇਠੇ ਨੂੰ ਗੁਰ ਗੱਦੀ ਮਿਲ ਗਈ ਅਤੇ ਨਾਲ ਹੀ ਉਨ੍ਹਾਂ ਦਾ ਨਾਮ ਭਾਈ ਜੇਠੇ ਤੋਂ ਬਦਲ ਕੇ ਸ਼੍ਰੀ ਗੁਰੂ ਰਾਮਦਾਸ ਜੀ ਰੱਖਿਆ ਗਿਆ।

ਸਮਾਂ ਆਪਣੀ ਚਾਲ ਚਲਦਾ ਗਿਆ। ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ 2 ਅਸੂ ਸੰਮਤ 1638 ਮੁਤਾਬਕ 1 ਸਤੰਬਰ 1581 ਈ. ਨੂੰ ਗੁਰੂ ਗੱਦੀ ਦੀ ਬਖਸ਼ਸ਼ ਹੋਈ। ਕੁਝ ਸਮੇਂ ਪਿੱਛੋਂ ਆਪ ਜੀ ਨੇ ਸ਼੍ਰੀ ਗੁਰੂ ਰਾਮਦਾਸ ਵੱਲੋਂ ਵਸਾਏ "ਚੱਕ ਰਾਮਦਾਸ" ਵਿਖੇ ਸਰੋਵਰ ਦਾ ਕੰਮ ਆਰੰਭਿਆ। ਇਸ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਨ ਲਈ ਸੰਮਤ 1645 ਬਿਕਰਮੀ ਮੁਤਾਬਕ 1588 ਈਃ ਨੂੰ ਉਸ ਸਮੇਂ ਦੇ ਪ੍ਰਸਿੱਧ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਪਾਸੋਂ ਇਸ ਦਾ ਨੀਂਹ ਪੱਥਰ ਰੱਖਵਾਇਆ। ਆਪ ਜੀ ਦੀ ਸੋਚ ਤੋਂ ਭਲੀ ਭਾਂਤ ਪ੍ਰਤੀਤ ਹੁੰਦਾ ਹੈ ਕਿ ਬੰਦਗੀ ਵਾਲਾ ਸਥਾਨ ਉਸਾਰਨ ਲਈ ਉਸ ਦਾ ਨੀਂਹ ਪੱਥਰ ਵੀ ਕਿਸੇ ਬੰਦਗੀਵਾਨ ਪੁਰਸ਼ ਤੋਂ ਹੀ ਰੱਖਵਾਇਆ ਜਾਵੇ। ਇਸ ਤਰ੍ਹਾਂ ਚੱਕ ਰਾਮ ਦਾਸ ਦਾ ਨਾਮ "ਸ਼੍ਰੀ ਅਮ੍ਰਿਤਸਰ" ਰੱਖਿਆ ਗਿਆ।

ਆਪ ਜੀ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦੀ ਉਸਤਤ ਵਿੱਚ ਬਾਣੀ ਉਚਾਰੀ ਸੀ ਉਹ ਆਪ ਜੀ ਨੂੰ ਗੁਰੂ ਗੱਦੀ ਮਿਲਣ ਕਾਰਨ ਆਪ ਜੀ ਪਾਸ ਆ ਗਈ ਸੀ। ਗੁਰੂਆਂ ਦੀ ਬਾਣੀ ਵਿੱਚ ਆਪ ਲੋਕਾਂ ਤੇ ਖਾਸ ਕਰਕੇ ਗੁਰੂ ਘਰ ਵਿਰੋਧੀਆਂ ਵੱਲੋਂ ਕੱਚੀ ਬਾਣੀ ਨੂੰ ਗੁਰੂ ਸਾਹਿਬਾਨ ਦੇ ਨਾਮ ਤੇ ਮਿਲਾਉਣਾ ਸ਼ੁਰੂ ਕਰ ਦਿੱਤਾ। ਇਸ ਪੱਖ ਨੂੰ ਸੋਚਦਿਆਂ ਹੋਇਆਂ ਆਪ ਜੀ ਨੇ ਇੱਕ ਗ੍ਰੰਥ ਬਣਾਉਣ ਦਾ ਫੈਸਲਾ ਕੀਤਾ ਜੋ ਗੁਰੂ ਸਾਹਿਬਾਨ ਜੀ ਵੱਲੋਂ ਉਚਾਰੀ ਮੂਲ ਬਾਣੀ ਨੂੰ ਇੱਕ ਥਾਂ ਤੇ ਇੱਕਤਰ ਕਰਕੇ ਰੱਖਿਆ ਜਾਵੇ ਅਤੇ ਇਸ ਵਿੱਚ ਮਿਲਗੋਭਾ ਨਾ ਹੋ ਸਕੇ। ਇਸ ਕੰਮ ਲਈ ਆਪ ਜੀ ਨੇ ਭਾਈ ਗੁਰਦਾਸ ਜੀ ਜੋ ਕਿ ਰਿਸ਼ਤੇ ਵਿੱਚ ਆਪ ਜੀ ਦੇ ਮਾਮਾ ਜੀ ਲੱਗਦੇ ਸਨ ਅਤੇ ਵਿਦਵਾਨ ਸਨ ਨੂੰ ਬੁਲਾ ਕੇ ਹਰਿਮੰਦਰ ਸਾਹਿਬ ਤੋਂ ਦੱਖਣ ਵਾਲੇ ਪਾਸੇ ਕੁਝ ਦੂਰੀ ਦੇ ਬੇਰੀਆਂ ਦੇ ਜੰਗਲ ਵਿੱਚ 'ਰਾਮ ਸਰ' ਨਾਮ ਦਾ ਸਥਾਨ ਤਿਆਰ ਕਰਕੇ ਸੰਮਤ 1660 ਬਿਕਰਮੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਲਿਖਵਾਉਣੀ ਆਰੰਭ ਕਰ ਦਿੱਤੀ। ਆਪ ਜੀ ਨੇ ਜਿੱਥੇ ਆਪ ਜੀ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਇਕਤੱਰ ਕੀਤੀ ਉੱਥੇ ਉਸ ਸਮੇਂ ਜਾਂ ਪਹਿਲਾਂ ਹੋ ਚੁੱਕੇ ਮਹਾਂਪੁਰਖਾਂ ਦੀ ਬਾਣੀ ਵੀ ਘੋਖੀ। ਇਸ ਪ੍ਰਕਾਰ ਆਪ ਜੀ ਨੇ 15 ਭਗਤਾਂ ਜੋ ਕਿ ਵੱਖ-ਵੱਖ ਜਾਤਾਂ ਦੇ ਸਨ ਭੱਟਾਂ ਤੇ ਗੁਰੂ ਸਿੱਖਾਂ ਦੀ ਬਾਣੀ ਸਮੇਤ 36 ਮਹਾਂਪੁਰਖਾਂ ਦੀ ਬਾਣੀ ਇਕੱਤਰ ਕੀਤੀ ਤੇ ਵਿਗਿਆਨਕ ਤਰੀਕੇ ਨਾਲ ਵਿਆਕਰਨ ਦੀ ਵਿਧੀ ਅਨੁਸਾਰ ਗ੍ਰੰਥ ਦੀ ਤਿਆਰੀ ਕੀਤੀ। ਅੱਜ ਵੀ ਬੜੇ-ਬੜੇ ਬੁੱਧੀਵਾਨ ਤੇ ਗੂੜ ਗਿਆਨੀ ਆਪ ਜੀ ਦੀ ਸੰਪਾਦਨਾ ਅੱਗੇ ਸਿਰ ਝੁਕਾਉਂਦੇ ਹਨ। ਆਪ ਜੀ ਨੇ ਆਪਣੇ ਵੇਲੇ ਜਾਂ ਉਸ ਤੋਂ ਪਹਿਲਾਂ ਹੋਏ ਮਹਾਂ ਪੁਰਖਾਂ ਦੀ ਬਾਣੀ ਦੀ ਘੋਖ-ਪੜਤਾਲ ਕਰਨ ਤੋਂ ਬਾਅਦ ਉਹੀ ਬਾਣੀ ਇਸ ਵਿੱਚ ਅੰਕਤ ਕੀਤੀ ਜੋ ਸ਼ਕਤੀ ਵਡਿਆਈ ਛੱਡ ਕੇ ਇਕ ਅਕਾਲ ਪੁਰਖ ਦੀ ਵਡਿਆਈ ਨੂੰ ਧਿਆਨ ਵਿੱਚ ਰੱਖ ਕੇ ਰਚੀ ਗਈ ਸੀ। ਆਪ ਜੀ ਨੇ ਇਸ ਸੰਬੰਧੀ ਸੰਸਾਰੀ ਵਿਅਕਤੀ ਦਾ ਕਹਿਣਾ ਵੀ ਨਹੀਂ ਮੰਨਿਆ ਭਾਵੇਂ ਕਿ ਆਪ ਜੀ ਨੂੰ ਆਪਣੀ ਕੁਰਬਾਨੀ ਹੀ ਕਿਉਂ ਨਾ ਦੇਣੀ ਪਈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਅਰਜਨ ਦੇਵ ਜੀ ਨੇ ਜੋ ਗੁਰੂਆਂ, ਭਗਤਾਂ, ਭੱਟਾਂ ਅਤੇ ਸਿੱਖਾਂ ਦੀ ਬਾਣੀ ਅੰਕਤ ਕੀਤੀ ਹੈ ਉਸ ਦਾ ਵੇਰਵਾ ਸੰਖੇਪ ਵਿੱਚ ਇਸ ਪ੍ਰਕਾਰ ਹੈ: ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 19 ਰਾਗਾਂ ਵਿੱਚ 974 ਸ਼ਬਦ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ 62 ਸਲੋਕ, ਸ਼੍ਰੀ ਗੁਰੂ ਅਮਰਦਾਸ ਜੀ ਦੇ 17 ਰਾਗਾਂ ਵਿਚ 907 ਸ਼ਬਦ, ਸ਼੍ਰੀ ਗੁਰੂ ਰਾਮਦਾਸ ਜੀ ਦੇ 30 ਰਾਗਾਂ ਵਿੱਚ 679 ਸ਼ਬਦ, ਸ਼੍ਰੀ ਗੁਰੂ ਅਰਜਨ ਦੇਵ ਜੀ ਦੇ 30 ਰਾਗਾਂ ਵਿੱਚ 2218 ਸ਼ਬਦ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ (ਜਿੰਨਾਂ ਦੀ ਬਾਣੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿੱਚ ਅੰਕਤ ਕੀਤੀ) ਦੇ 15 ਰਾਗਾਂ ਵਿੱਚ 116 ਸ਼ਬਦ ਅਤੇ ਸ਼ਲੋਕ ਅੰਕਤ ਹਨ। ਇਸੇ ਤਰ੍ਹਾਂ ਭਗਤ ਕਬੀਰ ਦੇ 18 ਰਾਗਾਂ ਵਿੱਚ 541 ਸ਼ਬਦ ਤੇ ਸ਼ਲੋਕ, ਭਗਤ ਨਾਮ ਦੇਵ ਜੀ ਦੇ 18 ਰਾਗਾਂ ਵਿੱਚ 60 ਸ਼ਬਦ, ਭਗਤ ਰਵਿਦਾਸ ਜੀ ਦੇ 16 ਰਾਗਾਂ ਵਿੱਚ 41 ਸ਼ਬਦ/ਸ਼ਲੋਕ ਭਗਤ ਤਰਲੋਚਨ ਜੀ ਦੇ 3 ਰਾਗਾਂ ਵਿੱਚ 4 ਸ਼ਬਦ, ਭਗਤ ਬੇਣੀ ਜੀ ਦੇ 3 ਰਾਗਾਂ ਵਿੱਚ 3 ਸ਼ਬਦ, ਭਗਤ ਧੰਨਾ ਜੀ ਦੇ 2 ਰਾਗਾਂ ਵਿੱਚ 4 ਸ਼ਬਦ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਸਧਨਾ ਜੀ, ਭਗਤ ਰਾਮਾ ਨੰਦ ਜੀ, ਭਗਤ ਪਰਮਾਨੰਦ ਜੀ ਦੇ ਇੱਕ-ਇੱਕ ਸ਼ਬਦ ਅਤੇ ਭਗਤ ਸੂਰਦਾਸ ਜੀ ਦੇ 2 ਸ਼ਬਦ ਅੰਕਤ ਹਨ। ਇਸੇ ਤਰ੍ਹਾਂ ਬਾਬਾ ਸੁੰਦਰ ਜੀ ਦੇ 6 ਪਦੇ, ਮਰਦਾਨਾ ਜੀ ਦੇ 3 ਪਦੇ, ਸਤਾ ਭੂਮ ਦੀਆਂ 3 ਪਾਉੜੀਆਂ, ਬਲਵੰਡ ਜੀ ਦੀਆਂ 5 ਪਾਉੜੀਆਂ ਤੋਂ ਇਲਾਵਾ 11 ਭੱਟਾਂ ਦੇ 123 ਸਵਯੇ ਦਰਜ ਹਨ।

ਸ਼੍ਰੀ ਗੁਰੂ ਰਾਮਦਾਸ ਜੀ ਨੇ ਜਗਤ ਦੇ ਕਲਿਆਣ ਵਾਸਤੇ ਆਪਣੀ ਜੋਤ ਸ਼੍ਰੀ ਗੁਰੂ ਅਰਜਨ ਦੇਵ ਜੀ ਵਿੱਚ ਬਿਰਾਜਮਾਨ ਕਰ ਦਿੱਤਾ ਭਾਵ ਕਿ ਇਹ ਉਹ ਜੋਤ ਸੀ ਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼੍ਰੀ ਗੁਰੂ ਅੰਗਦ ਦੇਵ ਜੀ, ਸ਼੍ਰੀ ਗੁਰੂ ਰਾਮਦਾਸ ਦੀ ਵਿੱਚੋਂ ਹੁੰਦੀ ਸ਼੍ਰੀ ਗੁਰੂ ਅਰਜਨ ਦੇਵ ਜੀ ਤੱਕ ਪੁੱਜੀ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ‘ਜਪ੍ਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥’

*

# ਉੱਚਾ ਬੁਰਜ ਲਾਹੌਰ ਦਾ, ਹੇਠ ਵਗੇ ਦਰਿਆ। ਉਥੇ ਮਲ ਮਲ ਨ੍ਹਾਵਣ ਸੰਗਤਾਂ, ਜਪਣ ਗੁਰਾਂ ਦਾ ਨਾਂ।

# ਲੁਬਾਣਾ ਸੇਵਕ

**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
S. Surinder Singh Ruby
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
Prof. Jaswant Singh Ph.D.
College Road, Begowal, Kapurthala, M.: 98724-66351
Engineer Parminderjit Singh
524, GMT Jalandhar, M.: 99153-57524
parminderjitsingh84@yahoo.com

**Outline-Editor**
S. Joginder Singh Ajaib, 421-A,
Maharaja Ranjit Singh Avenue, Jalandhar-144009
M.: 98152-69145

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ
ਜੁਲਾਈ - 16-7-2018 (ਸੋਮਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 76 | ਜੂਨ - 2018


1. ਲੁਬਾਣਾ ਬਰਾਦਰੀ ਦੇ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ 68ਵੀਂ ਬਰਸੀ 'ਤੇ ਵਿਸ਼ੇਸ਼ 5
2. ਸ਼ਹੀਦਾਂ ਦੇ ਸਿਰਤਾਜ ਪੰਜਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 10
3. ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ 12
4. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਣਾਏ ਹੋਏ ਅਸਥਾਨਾਂ ਦਾ ਵੇਰਵਾ 13
5. ਹਮ ਦੋਸਾਂ ਦਾ ਕਿਆ ਹਾਲ 16
6. ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ 'ਤੇ ਹੋਏ ਵੱਖ-ਵੱਖ ਸਥਾਨਾਂ ਤੇ ਧਾਰਮਿਕ ਸਮਾਗਮ 19
7. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧਈਆਂ 21
8. ਕਾਵਿ-ਕਿਆਰੀ 27
9. ਸਿਹਤ ਸੰਭਾਲ 30
10. ਕਹਾਣੀ 31
11. ਦਾਨੀ ਸੱਜਣਾਂ ਦੀ ਸੂਚੀ 35
12. Martimonial 42


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਲੁਬਾਣਾ ਬਰਾਦਰੀ ਦੇ ਰਹਿਬਰ

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

## 68 ਵੀਂ ਬਰਸੀ ’ਤੇ ਵਿਸ਼ੇਸ਼



ਮਹਾਨ ਪੁਰਸ਼, ਬਾਲ ਬ੍ਰਹਮਚਾਰੀ, ਰਾਜਯੋਗੀ, ਵਿਦਿਆਦਾਨੀ, ਬ੍ਰਹਮਗਿਆਨੀ ਲੁਬਾਣਾ ਕੌਮ ਦੇ ਮਹਾਨ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਜਨਮ 1939 ਬਿਕਰਮੀ ਸੰਮਤ, ਸੰਨ 1882 ਵਿਚ ਕੱਤਕ ਦੀ ਸੰਗਰਾਂਦ ਵਾਲੇ ਦਿਨ ਮਾਤਾ ਨਿਹਾਲ ਕੌਰ ਦੀ ਕੁਖੋਂ ਪਿਤਾ ਵਸਾਵਾ ਸਿੰਘ ਦੇ ਘਰ ਪਿੰਡ ਖੋੜੀ ਦੂੰਨਾ ਸਿੰਘ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਅਜੇ ਆਪ ਜੀ ਬਹੁਤ ਛੋਟੀ ਆਯੂ ਦੇ ਸਨ ਕਿ ਮਾਤਾ ਜੀ ਚਲਾਣਾ ਕਰ ਗਏ। ਪਿਤਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਆਪ ਜੀ ਦੀ ਪਾਲਣਾ ਪੋਸ਼ਣਾ ਮੁੱਖ ਤੌਰ ’ਤੇ ਆਪ ਜੀ ਦੇ ਦਾਦਾ ਸ. ਅਰੁੜ ਸਿੰਘ ਜੀ ਨੇ ਕੀਤੀ। ਦਾਦਾ ਅਰੁੜ ਸਿੰਘ ਖੁਦ ਗੁਰੂ ਘਰ ਦੇ ਅਨਿਨ ਸ਼ਰਧਾਲੂ, ਗੁਰਮਤਿ ਦੇ ਗਿਆਨੀ ਅਤੇ ਗੁਰਬਾਣੀ ਦੇ ਅਭਿਆਸੀ ਸਨ। ਬਾਲਕ ਪ੍ਰੇਮ ਸਿੰਘ ਨੇ ਦਾਦਾ ਅਰੁੜ ਸਿੰਘ ਦੀ ਛਤਰ ਛਾਇਆ ਹੇਠ ਗੁਰਮੁਖੀ ਅਤੇ ਗੁਰਬਾਣੀ ਦੀ ਸੋਝੀ ਪਾਈ। ਬਚਪਨ ਵਿਚ ਹੀ ਸਾਧੂ ਸੁਭਾਅ, ਨਿਰਮਲ ਸੋਚ ਅਤੇ ਗੁਰਬਾਣੀ ਪ੍ਰਤੀ ਲਗਨ ਨੂੰ ਦਾਦਾ ਅਰੁੜ ਸਿੰਘ ਜੀ ਦੀ ਅੱਖ ਨੇ ਪਛਾਣ ਲਿਆ ਅਤੇ ਹਰ ਵੇਲੇ ਲੋਕ ਸੇਵਾ ਤੇ ਗੁਰੂ ਮੱਤ ਦੇ ਧਾਰਨੀ ਬਾਲਕ ਪ੍ਰੇਮ ਸਿੰਘ ਨੂੰ ਮੁਰਾਲੇ ਵਿਖੇ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਛੱਡ ਆਏ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181




ਮੁਰਾਲੇ ਪਹੁੰਚ ਕੇ ਬਾਲਕ ਪ੍ਰੇਮ ਸਿੰਘ ਨੂੰ ਉਨ੍ਹਾਂ ਦੀ ਗੁਰੂ ਨਾਮ ਦੀ ਭੁੱਖ ਅਤੇ ਸੰਗਤ ਦੀ ਸੇਵਾ ਕਰਨ ਦੇ ਸੁਭਾਅ ਨੂੰ ਜਿਵੇਂ ਸਭ ਕੁਝ ਹੀ ਪ੍ਰਾਪਤ ਹੋ ਗਿਆ ਹੋਵੇ। ਡੇਰੇ ਵਿਚ ਲੰਗਰ ਤਿਆਰ ਕਰਵਾਉਣਾ, ਜੂਠੇ ਬਰਤਨ ਸਾਫ਼ ਕਰਨੇ, ਸੰਤ ਮਹਾਂਪੁਰਸ਼ਾਂ ਨੂੰ ਇਸ਼ਨਾਨ ਕਰਵਾਉਣਾ ਹਰ ਵੇਲੇ ਨਾਮ ਸਿਮਰਨ ਕਰਨਾ ਹੀ ਉਨ੍ਹਾਂ ਦਾ ਰੋਜ਼ਾਨਾ ਦਾ ਕਾਜ ਵਿਹਾਰ ਬਣ ਗਿਆ ਸੀ। ਸਿਮਰਨ ਕਰਦੇ ਪ੍ਰਮਾਤਮਾ ਨਾਲ ਇਕਮਿਕ ਹੋ ਜਾਣਾ ਤੇ ਲੰਗਰ ਲਈ ਆਟਾ ਤਿਆਰ ਕਰਨ ਵਾਲੀ ਚੱਕੀ ਆਪਣੇ ਆਪ ਚਲਦੀ ਜਾਣੀ ਦੇ ਕੌਤਿਕ ਸੰਤ ਬਿਸ਼ਨ ਸਿੰਘ ਜੀ ਨੇ ਆਪ ਤੱਕਣੇ ਅਤੇ ਆਪਣੀ ਬਜ਼ੁਰਗ ਅਵਸਥਾ ਵਿਚ ਡੇਰੇ ਦੀ ਸੇਵਾ ਦਾ ਕਾਰਜ ਬਾਲਕ ਪ੍ਰੇਮ ਸਿੰਘ ਨੂੰ ਸੌਂਪ ਕੇ ਸੰਤ ਪ੍ਰੇਮ ਸਿੰਘ ਬਨਾਉਣਾ, ਪਰਮ ਪਿਤਾ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਸੰਪੂਰਨ ਰੂਪ ਦੇਣਾ ਹੀ ਸੀ।

ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਨੇ ਡੇਰਾ ਮੁਰਾਲੇ ਦੀ ਸੇਵਾ ਸੰਭਾਲਦਿਆਂ ਸਿੱਖੀ ਦੀ ਪ੍ਰਫੁੱਲਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਡੇਰੇ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਸੰਤ ਬਾਬਾ ਭਾਗ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ ਤੋਂ ਇਲਾਵਾ ਕਈ ਹੋਰ ਮਹਾਂਪੁਰਸ਼ ਆਪ ਜੀ ਦੇ ਗੁਰ ਭਾਈ ਸਨ। ਸੰਤ ਪ੍ਰੇਮ ਸਿੰਘ ਜੀ ਨੇ ਬਹੁਤ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਉਣ ਦਾ ਬੀੜਾ ਉਠਾਇਆ। ਲੁਬਾਣਾ ਬਰਾਦਰੀ ਵਿਚ ਕਈ ਥਾਈਂ ਹੁੱਕਾ ਪੀਣ ਦਾ ਰਿਵਾਜ਼ ਸੀ, ਲੋਕਾਂ ਦਾ ਪਹਿਰਾਵਾ ਗੁਰਸਿੱਖਾਂ ਦੇ ਪਹਿਰਾਵੇ ਤੋਂ ਬਿਲਕੁਲ ਉਲਟ ਸੀ। ਔਰਤਾਂ ਸ਼ਿਕਲੀਗਰ ਔਰਤਾਂ ਵਾਂਗ ਘੱਗਰੇ ਪਾਉਂਦੀਆਂ ਸਨ। ਸੰਤ ਪ੍ਰੇਮ ਸਿੰਘ ਜੀ ਨੇ



ਲੁਬਾਣਾ ਬਰਾਦਰੀ ਦੇ ਪਿੰਡਾਂ ਵਿਚ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਇਆ। ਲੋਕਾਂ ਦੇ ਪਹਿਰਾਵੇ ਨੂੰ ਬਦਲਵਾਇਆ। ਜਿਸ ਪਿੰਡ ਵੀ ਜਾਂਦੇ ਅੰਮ੍ਰਿਤ ਤਿਆਰ ਕਰਵਾਇਆ ਜਾਂਦਾ ਅਤੇ ਸੰਤ ਮਹਾਰਾਜ ਦੀ ਪ੍ਰੇਰਨਾ ਸਦਕਾ ਸਾਰੇ ਦਾ ਸਾਰਾ ਨਗਰ ਹੀ ਅੰਮ੍ਰਿਤ ਛਕ ਕੇ ਸਿੱਖੀ ਵਿਚ ਪ੍ਰਵੇਸ਼ ਕਰਦਾ। ਸੰਤ ਮਹਾਰਾਜ ਦੀ ਦੀ ਸਿੱਖੀ ਨੂੰ ਇਹ ਦੇਣ ਦਾ ਕੋਈ ਸਾਨੀ ਨਹੀਂ ਹੈ। ਸਾਰੀ ਦੀ ਸਾਰੀ ਲੁਬਾਣਾ ਬਰਾਦਰੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਉਣਾ। ਸਿੱਖੀ ਅਸੂਲਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਲਾਗੂ ਕਰਵਾ ਕੇ ਸਮਾਜ ਵਿਚੋਂ ਕੁਰੀਤੀਆਂ ਖਤਮ ਕਰਨ ਦੇ ਯਤਨ ਕਰਕੇ ਸਾਰੀ ਬਰਾਦਰੀ ਨੂੰ ਗੁਰੂ ਆਸ਼ੇ ਅਤੇ ਗੁਰੂ ਮੱਤ ਅਨੁਸਾਰ ਚੱਲਣ ਦੀ ਪ੍ਰੇਰਨਾ ਦੇਣ ਕਾਰਨ ਜੇਕਰ ਸੰਤ ਪ੍ਰੇਮ ਸਿੰਘ ਜੀ ਨੂੰ ਸਿੱਖੀ ਦਾ ਮਹਾਨ ਥੰਮ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ।

ਮਹਾਨ ਪਰਉਪਕਾਰੀ ਸੰਤ ਪ੍ਰੇਮ ਸਿੰਘ ਜੀ ਨੇ ਜਿਥੇ ਲੁਬਾਣਾ ਬਰਾਦਰੀ ਦਾ ਧਾਰਮਿਕ ਅਧਿਆਤਮਕ ਅਤੇ ਸੱਭਿਆਚਾਰਕ ਪੱਧਰ ਉਚਾ ਕੀਤਾ ਉਥੇ ਉਨ੍ਹਾਂ ਨੂੰ ਇਸ ਬਰਾਦਰੀ ਦਾ ਆਰਥਿਕ ਪੱਧਰ ਅਤੇ ਆਉਣ ਵਾਲੇ ਸਮੇਂ ਵਿਚ ਸਮਾਜਿਕ ਰੁੱਤਬਾ ਉਚਾ ਚੁੱਕਣ ਦਾ ਫਿਕਰ ਵੀ ਬਰਾਬਰ ਸੀ। ਸੰਤ ਜੀ ਨੇ ਇਸ ਕਾਰਜ ਲਈ ਕਈ ਪੱਖਾਂ ਤੋਂ ਜ਼ਰੂਰ ਵਿਚਾਰ ਕੀਤਾ ਹੋਵੇਗਾ। ਆਪ ਜੀ ਦੀ ਉਚੀ ਅਧਿਆਤਮਕ ਪੱਧਰ ਦੀ ਸੋਚ, ਸਮਾਜਿਕ ਕਦਰਾਂ ਕੀਮਤਾਂ ਅਤੇ ਦੁਨਿਆਵੀ ਤਜ਼ਰਬੇ ਤੋਂ ਉਹਨਾਂ ਇਹ ਨਤੀਜਾ ਕੱਢਿਆ ਕਿ ਬਰਾਦਰੀ ਦੇ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਵਾਈ ਜਾਵੇ। ਵਿੱਦਿਆ ਲਈ ਵਿਦਿਆ ਮੰਦਰ ਖੋਹਲੇ ਜਾਣ ਤਾਂ ਪੜ੍ਹ ਲਿਖ ਕੇ ਆਉਣ ਵਾਲੇ ਸਮੇਂ ਵਿਚ ਬਰਾਦਰੀ ਆਪਣਾ ਆਰਥਿਕ ਤੇ ਸਮਾਜਿਕ ਪੱਧਰ ਆਪਣੇ ਆਪ ਉਚਾ ਕਰ ਲਵੇਗੀ। ਬਹੁਤ ਦੂਰਅੰਦੇਸ਼ੀ ਤੇ ਕਰਾਮਾਤੀ ਸੋਚ ਸੀ। ਸੋਚੋ, ਜੋ ਪੁਰਖ ਆਪ ਕਦੀ ਵੀ ਦੁਨਿਆਵੀ ਪੜ੍ਹਾਈ ਕਰਨ ਲਈ ਕਿਸੇ ਸਕੂਲ ਨਹੀਂ ਗਿਆ, ਉਹ ਵੀ ਅੰਗਰੇਜ਼ ਦੇ ਰਾਜ ਭਾਗ ਵਿਚ, ਜਿਸ ਦੀ ਸੋਚ ਨੂੰ ਹਿੰਦੁਸਤਾਨੀਆਂ ਦੀ ਅਕਲੀ ਬਡੋਤਰੀ ਕਿਸੇ ਤਰ੍ਹਾਂ ਵੀ ਰਾਸ ਨਹੀਂ ਆਉਂਦੀ ਸੀ। ਉਸ ਵੇਲੇ ਇਹ ਸੋਚ ਸੋਚਣੀ ਤੇ ਉਸ ਉਤੇ ਠੋਕ ਕੇ ਪਹਿਰਾ ਦੇਣਾ ਅਤੇ ਪੂਰੀ ਕਰਕੇ ਵਿਖਾਉਣੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੋ ਸਕਦੀ। ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਦੇ ਪਿੰਡਾਂ ਵਿਚ ਹੇਠ ਲਿਖੇ ਅਨੁਸਾਰ ਚਾਰ ਹਾਈ ਸਕੂਲ ਖੋਹਲੇ।

1. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਟਾਂਡਾ ਜ਼ਿਲ੍ਹਾ ਗੁਜਰਾਤ
2. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰਾ
3. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਖੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ
4. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ

ਦੇਸ਼ ਦੀ ਵੰਡ ਤੋਂ ਬਾਅਦ ਪਹਿਲੇ ਤਿੰਨ ਸਕੂਲ ਕਰਮਵਾਰ ਮਿਆਣੀ ਅਫਗਾਨਾ, ਮੁਕੇਰੀਆਂ ਅਤੇ ਬੇਗੋਵਾਲ ਵਿਚ ਤਬਦੀਲ ਹੋ ਗਏ ਸਨ ਜੋ ਅੱਜ ਵੀ ਬਰਾਦਰੀ ਦੀ ਸੇਵਾ ਕਰ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਮਿਡਲ ਅਤੇ ਪ੍ਰਾਇਮਰੀ ਸਕੂਲ ਵੀ ਖੋਹਲੇ। ਇਹ ਸਕੂਲ ਬਰਾਦਰੀ ਦੇ ਲੋਕਾਂ ਦੇ ਦਾਨ ਨਾਲ ਚਲਦੇ ਸਨ। ਸੰਤ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਦਾਨ ਦੀ ਕੋਈ ਕਮੀ ਨਹੀਂ ਸੀ ਰਹਿੰਦੀ। ਇਹ ਸਕੂਲ ਅੱਜ ਦੇ ਸੰਤ ਸਾਧਾਂ ਦੇ ਮੁਨਾਫ਼ੇ ਲਈ ਚਲਾਏ ਸਕੂਲਾਂ ਵਾਂਗ ਨਹੀਂ ਸਨ। ਬਰਾਦਰੀ ਦੀ ਨਵੀਂ ਪੀੜ੍ਹੀ ਨੂੰ ਵਿੱਦਿਆ ਦੇ ਕੇ ਸਮੁੱਚੀ ਬਰਾਦਰੀ ਨੂੰ ਉਚਾ ਚੁੱਕਣ ਦੀ ਪਵਿੱਤਰ ਸੋਚ ਨਾਲ ਲਬਰੇਜ ਭਾਵਨਾ ਨਾਲ ਇਹ ਬੀੜਾ ਚੁੱਕਿਆ ਗਿਆ ਸੀ। ਜਿਸ ਦਾ ਬਰਾਦਰੀ ਨੂੰ ਬਹੁਤ ਫਾਇਦਾ ਹੋਇਆ।

ਸਮਾਜ ਨੂੰ ਧਾਰਮਿਕ, ਵਿੱਦਿਅਕ ਅਤੇ ਸੱਭਿਆਚਾਰਕ ਸੇਧ ਦੇਣ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਸਮੇਤ ਸਮੁੱਚੇ ਸਿੱਖ ਜਗਤ ਵਿਚੋਂ ਸਮਾਜਿਕ ਕੁਰੀਤੀਆਂ ਦੂਰ ਕਰਨ ਦਾ ਬੀੜਾ ਚੁੱਕਿਆ। ਬਰਾਦਰੀ ਦੇ ਮੁੱਖ ਪਿੰਡਾਂ ਵਿਚ ਵਿਹਾਰ ਸੁਧਾਰ ਕਾਨਫਰੰਸਾਂ ਕੀਤੀਆਂ ਗਈਆਂ। ਵਿਆਹਾਂ ਵਿਚ ਨਜਾਇਜ਼ ਖਰਚੇ, ਬਰਾਤ ਠਹਿਰਨ ਦੇ ਦਿਨਾਂ ਤੇ ਪਾਬੰਦੀ, ਦਹੇਜ ਤੇ ਪਾਬੰਦੀ, ਮਰਨੇ 'ਤੇ ਇਕੱਠ ਕਰਨ ਦੀ ਮਨਾਹੀ ਆਦਿ ਲਈ ਲੋਕਾਂ ਨੂੰ ਪ੍ਰੇਰਿਆ ਗਿਆ।

ਸਿੱਖ ਧਰਮ ਨੂੰ ਵਡਮੁਲੀਆਂ ਦੇਣਾਂ ਦੇਣ ਕਾਰਨ, ਸੰਨ 1936 ਵਿਚ ਆਪ ਜੀ ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ ਆਪ ਆਪਣੀ ਸਾਰੀ ਜ਼ਿੰਦਗੀ ਸਿੱਖਾਂ ਦੀ ਮਹਾਨ ਸੰਸਥਾ ਦੇ ਮੈਂਬਰ ਰਹੇ। ਕਾਰਜਕਾਰਨੀ ਮੈਂਬਰ ਵੀ ਰਹੇ। ਸਿੱਖ ਰਹਿਤ ਮਰਿਆਦਾ ਕਮੇਟੀ ਦੇ ਵੀ ਆਪ ਮੈਂਬਰ ਸਨ। ਆਪ ਜੀ ਨੇ ਹਰਿਮੰਦਰ ਸਾਹਿਬ ਦੇ ਲਹਿੰਦੇ ਪਾਸੇ ਦੇ ਪੱਖ ਦੀ ਸੇਵਾ ਵੀ ਕਰਵਾਈ। ਡੇਰਾ ਮੁਰਾਲਾ ਸਾਹਿਬ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਇਸ ਸੇਵਾ ਦਾ ਨਿਸ਼ਾਨ ਪੱਥਰ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਰ ਕੀ ਪੌੜੀ ਦੀ ਲਹਿੰਦੇ ਪਾਸੇ ਦੀ ਦੀਵਾਰ ਦੇ ਬਾਹਰਵਾਰ ਲੱਗਾ ਹੋਇਆ ਹੈ।

ਬਰਾਦਰੀ ਦਾ ਕੋਈ ਵੀ ਸ਼ਖ਼ਸ ਜਦ ਉਸ ਨੂੰ ਵੇਖਦਾ ਪੜ੍ਹਦਾ ਹੈ ਤਾਂ ਧੰਨ ਧੰਨ ਸੰਤ ਪ੍ਰੇਮ ਸਿੰਘ ਕਹਿ ਕੇ ਮਾਣ ਜਿਹਾ ਮਹਿਸੂਸ ਕਰਦਾ ਹੈ। ਆਪ ਜੀ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਰਹੇ। ਬਜ਼ੁਰਗ ਦੱਸਦੇ ਹਨ ਕਿ ਵੋਟਾਂ ਵਾਲੇ ਬਕਸਿਆਂ ਵਿਚੋਂ ਵੋਟ ਦੇ ਨਾਲ ਨੱਥੀ ਕੀਤੇ ਨੋਟ ਵੀ ਨਿਕਲਦੇ ਸਨ ਜੋ ਸੰਗਤ ਦੀ ਆਪ ਜੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਦਾ ਸਬੂਤ ਸੀ। ਬਹੁਤ ਹੀ ਨਿਮਰਤਾ ਅਤੇ ਘੱਟ ਬੋਲਣ ਵਾਲੇ ਸੰਤ ਪ੍ਰੇਮ ਸਿੰਘ ਜੀ ਬੜੀ ਵਿਸ਼ਾਲ ਅਤੇ ਠੋਸ ਸੋਚ ਦੇ ਮਾਲਕ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਭਵਿੱਖ ਦੀ ਫ਼ਿਕਰ ਕਰਦੇ ਹੋਏ ਫੈਸਲਾ ਕੀਤਾ ਕਿ ਸਾਰੀ ਬਰਾਦਰੀ ਨੂੰ ਇਕੋ ਇਲਾਕੇ ਵਿਚ ਇਕੱਠਾ ਬਿਠਾਇਆ ਜਾਵੇ। ਸੋਚ ਸਮਾਜਿਕ ਅਤੇ ਰਾਜਨੀਤਕ ਵੀ ਸੀ। ਬਰਾਦਰੀ ਦੇ ਲੋਕਾਂ ਵੱਲੋਂ ਆਪਸੀ ਵਿਆਹ ਸ਼ਾਦੀਆਂ ਦੇ ਰਿਸ਼ਤੇ ਨੇੜੇ ਹੀ ਹੋ ਜਾਣਗੇ। ਦੂਰ-ਦੁਰਾਡੇ ਦੇ ਫਾਲਤੂ ਖਰਚ ਨਹੀਂ ਉਠਾਉਣੇ ਪੈਣਗੇ। ਰਾਜਨੀਤਕ ਪਿੜ ਵਿਚ ਵੀ ਆਪਣਾ ਕੋਈ ਨੁਮਾਇਦਾ ਚੁਣ ਲਿਆ ਕਰਨਗੇ। ਗਿਆਨੀ ਹਰਚਰਨ ਸਿੰਘ ਜੀ ਨੰਗਲ ਲੁਬਾਣੇ ਵਲੋਂ ਜੋ ਸੰਤ ਮਹਾਰਾਜ ਦੇ ਬਹੁਤ ਨਿਕਟਵਰਤੀ ਸਨ, ਦੀ ਸਲਾਹ ਦਾ ਵੀ ਅਸਰ ਸੀ ਕਿ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਜਿੱਥੇ ਲੁਬਾਣਾ ਬਰਾਦਰੀ ਦੇ ਪਹਿਲੇ ਹੀ ਕਾਫੀ ਪਿੰਡ ਹਨ। ਇਸ ਲਈ ਸੰਤ ਮਹਾਰਾਜ ਇਸ ਇਲਾਕੇ ਵਿਚ ਹੀ ਬਰਾਦਰੀ ਨੂੰ ਇਕੱਠੇ ਬਿਠਾਉਣ ਦਾ ਫੈਸਲਾ ਕਰਨ। ਇਲਾਕੇ ਵਿਚੋਂ ਮੁਸਲਮਾਨਾਂ ਦੇ ਕਾਫੀ ਪਿੰਡ ਖਾਲੀ ਹੋ ਰਹੇ ਸਨ। ਸੰਤ ਮਹਾਰਾਜ ਨੇ ਬਰਾਦਰੀ ਨੂੰ ਇਥੇ ਬਿਠਾਉਣ ਦਾ ਫੈਸਲਾ ਕਰ ਲਿਆ। ਸੰਤਾਂ ਨੇ ਖੁਦ ਬੇਗੋਵਾਲ ਡੇਰੇ ਲਾ ਲਏ। ਸਭ ਪਾਸੇ ਇਸ ਇਲਾਕੇ ਵਿਚ ਬੈਠਨ ਦੇ ਸੁਨੇਹੇ ਭੇਜੇ ਗਏ। ਸ. ਈਸ਼ਰ ਸਿੰਘ ਮਝੈਲ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਸਨ। ਸੰਤ ਮਹਾਰਾਜ ਨੇ ਉਨ੍ਹਾਂ ਨੂੰ ਕਹਿ ਕੇ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਇਲਾਕਾ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਵਸਾਉਣ ਲਈ ਰੱਖਵਾ ਲਿਆ। ਸੰਤਾਂ ਦੇ ਸੁਨੇਹੇ ਨੂੰ ਹੁਕਮ ਮੰਨਦੇ ਹੋਏ ਬਰਾਦਰੀ ਦੇ ਲੋਕ ਮੁਕੇਰੀਆਂ ਤੋਂ ਸੁਭਾਨਪੁਰ ਤੱਕ ਦੇ ਪਿੰਡਾਂ ਵਿਚ ਬੈਠਣੇ ਸ਼ੁਰੂ ਹੋ ਗਏ। ਤਹਿਸੀਲ ਭੁਲੱਥ ਅਤੇ ਦਸੂਹਾ ਦਾ ਇਲਾਕਾ ਦਰਿਆ ਬਿਆਸ ਦੀ ਮਾਰ ਹੇਠ ਸੀ, ਜ਼ਮੀਨ ਕੁਝ ਕਲਰਾਠੀ ਦੇ ਕੁਝ ਛੋਟੀਆਂ-ਛੋਟੀਆਂ ਕਿੱਕਰਾਂ ਝਾੜੀਆਂ ਨਾਲ ਭਰੀ ਬੇਅਬਾਦ ਸੀ। ਸੰਗਤਾਂ ਨੇ ਖਦਸ਼ੇ ਵੀ ਜ਼ਾਹਰ ਕੀਤੇ ਪ੍ਰੰਤੂ ਸੰਤ ਮਹਾਰਾਜ ਜੀ ਜਵਾਬ ਵਿਚ ਕਹਿੰਦੇ ਸਨ ਤੁਸੀਂ ਦੇਖਿਓ ਇਹੀ ਜ਼ਮੀਨਾਂ ਸੋਨਾ ਉਗਲਣਗੀਆਂ ਅਤੇ ਇਥੇ ਸੜਕਾਂ ਦੇ ਜਾਲ ਵਿਛਣਗੇ। ਤੁਸੀਂ ਇਥੇ ਹੀ ਬਹੁਤ ਤਰੱਕੀਆਂ ਕਰੋਗੇ। ਸੰਤਾਂ ਉਤੇ ਅਥਾਹ ਭਰੋਸੇ ਨਾਲ ਬਰਾਦਰੀ ਦੇ ਲੋਕਾਂ ਵੱਲੋਂ ਜ਼ਮੀਨਾਂ ਅਬਾਦ ਕਰਨ ਦੀ ਅਣਥੱਕ ਮਿਹਨਤ ਕਰਨ ਕਾਰਨ ਸੰਤ ਮਹਾਰਾਜ ਦੇ ਬੋਲ ਸੱਚ ਹੋਏ।

ਲੁਬਾਣਾ ਬਰਾਦਰੀ ਦੇ ਬਗੀਚੇ ਦਾ ਮਾਲੀ ਜਿਹੜਾ ਇਕ ਇਕ ਪੱਤੇ, ਇਕ ਇਕ ਬੂਟੇ ਤੇ ਡਾਲੀਆਂ ਦੀ ਸਾਰ ਲੈਂਦਾ ਸੀ, ਦਿਨ ਰਾਤ ਹਰ ਵੇਲੇ ਆਪਣੀ ਬਰਾਦਰੀ ਦੇ ਭਲੇ ਲਈ ਫ਼ਿਕਰਮੰਦ ਰਹਿੰਦਾ ਸੀ। ਜਿਸ ਨੂੰ ਲੁਬਾਣਾ ਬਰਾਦਰੀ ਦਾ ਹਰ ਸਖ਼ਸ਼ ਦੱਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਆਪਣਾ ਰਹਿਬਰ ਅਤੇ ਪੈਗੰਬਰ ਮੰਨਦਾ ਸੀ ਤੇ ਅੱਜ ਵੀ ਮੰਨਦਾ ਹੈ ਅਤੇ ਸਤਿਕਾਰ ਦਿੰਦਾ ਹੈ, ਮਿਤੀ 2 ਜੂਨ 1950 ਨੂੰ ਆਪਣੇ ਪਿਆਰਿਆਂ ਨੂੰ ਵਿਲਕਦੇ ਅਤੇ ਮੁਰਝਾਏ ਛੱਡ ਕੇ ਜਲ ਕਾ ਜਲ ਹੂਆ ਰਾਮ ਵਾਂਗ ਪ੍ਰਮਾਤਮਾ ਨਾਲ ਇਕਮਿਕ ਹੋ ਗਏ। ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਆਪ ਜੀ ਦੀ ਸਲਾਨਾ ਬਰਸੀ ਹਰ ਸਾਲ 1, 2 ਅਤੇ 3 ਜੂਨ ਨੂੰ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ।

ਸੰਤ ਪ੍ਰੇਮ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਡੇਰੇ ਦੇ ਸ਼ੁਭਚਿੰਤਕਾਂ ਅਤੇ ਨਿਰਮਲ ਭੇਖ ਦੁਆਰਾ ਸੰਤ ਮਹਾਰਾਜ ਦੇ ਸਭ ਤੋਂ ਨਜ਼ਦੀਕੀ ਭਗਤ ਸਰਦਾਰ ਸਿੰਘ ਨੂੰ ਡੇਰੇ ਦਾ ਮੁਖੀ ਥਾਪਿਆ ਗਿਆ। ਕਿਉਂ ਜੋ ਭਗਤ ਸਰਦਾਰ ਸਿੰਘ ਲੁਬਾਣਾ ਬਰਾਦਰੀ ਵਿਚੋਂ ਨਹੀਂ ਸਨ ਇਸ ਲਈ ਬਰਾਦਰੀ ਦੇ ਸੱਜਣਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਛੋਟੇ ਭਰਾਤਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਅਗਲਾ ਮੁਖੀ ਥਾਪਣ ਦੀ ਮੁਹਿੰਮ ਛੇੜੀ। ਕੁਝ ਵਿਰੋਧਤਾ ਬਾਅਦ ਕਾਮਯਾਬੀ ਮਿਲ ਗਈ ਤੇ ਭਗਤ ਸਰਦਾਰ ਸਿੰਘ ਦੀ ਜਗ੍ਹਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਮੁਖੀ ਥਾਪ ਦਿੱਤਾ ਗਿਆ। ਬਰਾਦਰੀ ਵੱਲੋਂ ਹੌਲੀ-ਹੌਲੀ ਬਾਵਾ ਹਰਨਾਮ ਸਿੰਘ ਜੀ ਨੂੰ ਡੇਰਾ ਮੁਖੀ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਵੱਲੋਂ ਲੜੀਆਂ ਪੰਜਾਬ ਵਿਧਾਨ ਸਭਾ ਲਈ ਪੰਜ ਚੋਣਾਂ ਵਿਚੋਂ ਦੋ ਵਾਰ ਫਤਹਿ ਦਿਵਾਈ। ਬਾਵਾ ਜੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ 1969-70 ਵਾਲੀ ਸਰਕਾਰ ਵਿਚ ਜੰਗਲਾਤ ਰਾਜ ਮੰਤਰੀ ਵੀ ਰਹੇ। ਸੰਤ ਪ੍ਰੇਮ ਸਿੰਘ ਜੀ ਦੀ ਸਾਰੀ ਜ਼ਮੀਨੀ ਜਾਇਦਾਦ ਅਤੇ ਬੈਂਕ ਵਿਚ ਪਈ ਨਕਦੀ, ਸੰਤਾਂ ਦੇ ਨਾਮ ਨਾਲ ਵਲਦੀਅਤ ਲਿਖੀ ਹੋਣ ਕਾਰਨ ਅਦਾਲਤ ਰਾਹੀਂ ਬਾਵਾ ਹਰਨਾਮ ਸਿੰਘ ਨੂੰ ਮਿਲ ਗਈ। ਸੰਤ ਮਹਾਰਾਜ ਦੀ ਸੰਸਕਾਰ ਸਥਾਨ 'ਤੇ ਬਣੀ ਯਾਦਗਾਰ ਬੜੀ ਛੋਟੀ ਅਤੇ ਬਾਲਿਆਂ ਦੀ ਛੱਤ ਵਾਲੀ ਸੀ। ਬਰਾਦਰੀ ਦੇ ਹਰ ਇਕੱਠ ਅਤੇ ਸੰਤਾਂ ਦੀ ਬਰਸੀ ਮੌਕੇ ਬਰਾਦਰੀ ਦੇ ਸਿਰਕੱਢ ਸੱਜਣਾਂ ਅਤੇ ਆਮ ਸੰਗਤਾਂ ਵਿਚ ਸੰਤਾਂ ਦੀ ਯਾਦਗਾਰ ਉਨ੍ਹਾਂ ਦੇ ਕੱਦ ਬੁੱਤ ਦੇ ਬਰਾਬਰ ਦੀ ਨਾ ਹੋਣ ਦੀ ਗੱਲ ਵੀ ਛਿੜਦੀ। ਬਰਾਦਰੀ ਦੇ ਮੋਹਤਬਰ ਸੱਜਣਾਂ ਨੇ ਕਈ ਵਾਰ ਬਾਵਾ ਜੀ ਪਾਸ ਸੰਤਾਂ ਦੀ ਯਾਦਗਾਰ ਨੂੰ ਸੁੰਦਰ ਅਤੇ ਵੱਡੀ ਬਨਾਉਣ ਦੀ ਮੰਗ ਵੀ ਰੱਖੀ ਪ੍ਰੰਤੂ ਕਿਸੇ ਵੀ ਕਾਰਨਾਂ ਵੱਸ ਬਾਵਾ ਹਰਨਾਮ ਸਿੰਘ ਜੀ ਇਸ ਅਸਥਾਨ ਨੂੰ ਸੁੰਦਰ ਅਤੇ ਵੱਡਾ ਕਰਨ ਦਾ ਫੈਸਲਾ ਨਾ ਲੈ ਸਕੇ। ਸੰਨ 1980 ਈ. ਵਿਚ ਬਾਵਾ ਜੀ ਦੀ ਮੌਤ ਹੋ ਗਈ। ਬਾਵਾ ਜੀ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਅਤੇ ਬਾਵਾ ਚਰਨਜੀਤ ਸਿੰਘ ਸਨ। ਬਾਵਾ ਹਰਨਾਮ ਸਿੰਘ

ਜੀ ਦੇ ਭੋਗ ਤੇ ਬਰਾਦਰੀ ਦੇ ਮੋਹਤਬਰ ਸੱਜਣਾਂ ਅਤੇ ਪਰਿਵਾਰ ਦੀ ਸਹਿਮਤੀ ਨਾਲ ਬਾਵਾ ਵਰਿੰਦਰ ਸਿੰਘ ਨੂੰ ਡੇਰਾ ਮੁਖੀ ਦੀ ਪੱਗ ਬਨਵਾਈ ਗਈ ਅਤੇ ਬਾਵਾ ਚਰਨਜੀਤ ਸਿੰਘ ਨੂੰ ਬਾਵਾ ਜੀ ਦੀ ਸਿਆਸਤ ਅਤੇ ਸਕੂਲਾਂ ਆਦਿ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਬਾਵਾ ਜੀ ਦੇ ਜੀਵਨ ਕਾਲ ਵਿਚ ਹੀ ਦੋਨੋਂ ਭਰਾਵਾਂ ਦੀਆਂ ਸ਼ਾਦੀਆਂ ਹੋ ਗਈਆਂ ਸਨ। ਬਾਵਾ ਚਰਨਜੀਤ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਸਪੁੱਤਰੀ ਸ. ਗਿਰਧਾਰਾ ਸਿੰਘ ਵਾਸੀ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ ਨਾਲ ਸਾਲ 1979 ਵਿਚ ਹੋਈ। ਬੀਬੀ ਜਗੀਰ ਕੌਰ ਜੀ ਉਸ ਵੇਲੇ ਸਰਕਾਰੀ ਗਰਲਜ ਸਕੂਲ ਬੇਗੋਵਾਲ ਵਿਚ ਹਿਸਾਬ ਦੇ ਵਿਸ਼ੇ ਦੇ ਅਧਿਆਪਕ ਸਨ। ਆਪ ਜੀ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਜ਼ਿੰਦਗੀ ਆਪਣੀ ਰਫ਼ਤਾਰ ਨਾਲ ਬੜੀ ਸੋਹਣੀ ਚਲ ਰਹੀ ਸੀ ਕਿ ਅਚਾਨਕ ਬਾਵਾ ਚਰਨਜੀਤ ਸਿੰਘ ਨੂੰ ਸਿਰ ਵਿਚ ਦਰਦ ਰਹਿਣ ਲੱਗ ਪਿਆ। ਟੈਸਟ ਹੋਣ ਤੇ ਪਤਾ ਚੱਲਿਆ ਕਿ ਸਿਰ ਵਿਚ ਦਿਮਾਗ਼ ਦੇ ਨਜ਼ਦੀਕ ਰਸੌਲੀ ਹੈ। ਬੜਾ ਇਲਾਜ ਹੋਇਆ। ਬਾਵਾ ਚਰਨਜੀਤ ਸਿੰਘ ਵੱਲੋਂ ਸਕੂਲਾਂ ਦੇ ਪ੍ਰਬੰਧ ਚਲਾਉਂਦਿਆਂ ਉਨ੍ਹਾਂ ਦੀ ਨੇੜਤਾ ਮਾਸਟਰ ਬਲਵੀਰ ਸਿੰਘ ਜੋ ਕਿ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਵਿਚ ਹੀ ਸਰੀਰਕ ਸਿੱਖਿਆ ਅਧਿਆਪਕ ਸੀ, ਨਾਲ ਦੋਸਤਾਂ ਵਾਂਗ ਬਣ ਗਈ। ਸਕੂਲ ਨਾਲ ਸੰਬੰਧਤ ਸਾਰੇ ਕੰਮਾਂ ਵਿਚ ਮਾਸਟਰ ਬਲਬੀਰ ਸਿੰਘ ਬਾਵਾ ਚਰਨਜੀਤ ਸਿੰਘ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਇਆ ਅਤੇ ਉਨ੍ਹਾਂ ਦੀ ਬੀਮਾਰੀ ਵੇਲੇ ਵੀ ਹਰ ਤਰ੍ਹਾਂ ਦੇ ਇਲਾਜ ਲਈ ਦੂਰ-ਦੁਰਾਡੇ ਤੱਕ ਪਰਿਵਾਰ ਦੇ ਨਾਲ ਰਿਹਾ। ਬਾਵਾ ਚਰਨਜੀਤ ਸਿੰਘ ਬੀਮਾਰੀ ਤੋਂ ਜਿੱਤ ਨਾ ਸਕੇ ਅਤੇ 1983 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।



ਬਾਵਾ ਚਰਨਜੀਤ ਸਿੰਘ ਜੀ ਦੇ ਭੋਗ ਤੇ ਬੀਬੀ ਜਗੀਰ ਕੌਰ ਜੀ ਨੂੰ ਬਾਵਾ ਚਰਨਜੀਤ ਸਿੰਘ ਵੱਲੋਂ ਚਲਾਏ ਜਾ ਰਹੇ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਦਾ ਮੁਖੀ ਥਾਪ ਦਿੱਤਾ। ਬੀਬੀ ਜੀ ਨੇ ਆਪਣੀ ਸਰਕਾਰੀ ਨੌਕਰੀ ਜਾਰੀ ਰੱਖੀ। ਸਮੁੱਚੀ ਬਰਾਦਰੀ ਅਤੇ ਬਰਾਦਰੀ ਦੇ ਮੋਹਤਬਰ ਸੱਜਣ ਜਿਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਉਨ੍ਹਾਂ ਜਿੱਡੀ ਵੱਡੀ ਅਤੇ ਸੁੰਦਰ ਬਣੇ। ਉਨ੍ਹਾਂ ਨੇ ਇਹ ਮੰਗ ਡੇਰਾ ਮੁਖੀ ਦੀ ਗੱਦੀ ਤੇ ਬੈਠੇ ਬਾਵਾ ਵਰਿੰਦਰ ਸਿੰਘ ਪਾਸ ਰੱਖਣੀ ਸ਼ੁਰੂ ਕਰ ਦਿੱਤੀ। ਬਾਵਾ ਵਰਿੰਦਰ ਸਿੰਘ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਜੋ ਮੰਗ ਮੇਰੇ ਪਿਤਾ ਬਾਵਾ ਹਰਨਾਮ ਸਿੰਘ ਜੀ ਨੇ ਨਹੀਂ ਮੰਨੀ ਸੀ ਉਸ ਨਾਲ ਮੈਂ ਵੀ ਸਹਿਮਤ ਨਹੀਂ ਹੋ ਸਕਦਾ। ਲੋਕ ਨਿਰਾਸ਼ ਸਨ, ਮੰਨ ਵਿਚ ਜੋਸ਼ ਸੀ ਕਿ ਯਾਦਗਾਰ ਨੂੰ ਵੱਡੀ ਕਰਨ ਵਾਲੀ ਜਗ੍ਹਾ ਜੋ ਅਸੀਂ ਮੰਗ ਰਹੇ ਹਾਂ ਉਹ ਤਾਂ ਸੰਤ ਪ੍ਰੇਮ ਸਿੰਘ ਜੀ ਦੀ ਵਿਰਾਸਤ ਵਿਚ ਲਈ ਗਈ ਜ਼ਮੀਨ ਵਿਚੋਂ ਮੰਗ ਰਹੇ ਹਾਂ। ਯਾਦਗਾਰ ਵੱਡੀ ਹੋਣ ਤੇ ਸ਼ਰਧਾ ਨਾਲ ਜੋ ਚੜ੍ਹਾਵਾ ਅਤੇ ਆਮਦਨ ਵਗੈਰਾ ਵੱਧਣੀ ਹੈ ਉਹ ਤਾਂ ਇਨ੍ਹਾਂ ਨੇ ਹੀ ਲੈਣੀ ਹੈ। ਬਰਾਦਰੀ ਦੇ ਲੋਕਾਂ ਨੂੰ ਆਮਦਨੀ ਦਾ ਹਿਸਾਬ ਲੈਣ ਦੀ ਕੋਈ ਜ਼ਰੂਰਤ ਨਹੀਂ ਸਿਰਫ਼ ਮੰਨ ਵਿਚਲੀ ਵੱਡੀ ਸ਼ਰਧਾ ਅਨੁਸਾਰ ਵੱਡੀ ਯਾਦਗਾਰ ਬਣ ਜਾਵੇ। ਸਾਰਾ ਪ੍ਰਬੰਧ ਇਹ ਆਪ ਹੀ ਚਲਾਉਣ। ਬਾਵਾ ਵਰਿੰਦਰ ਸਿੰਘ ਦੇ ਨਾਂਹ ਕਰਨ 'ਤੇ ਬਰਾਦਰੀ ਦੇ ਮੋਹਤਬਰ ਅਤੇ ਆਮ ਸੰਗਤ ਬੜੀ ਨਿਰਾਸ਼ ਹੋ ਗਈ। ਡੇਰੇ ਵਿਚ ਲੋਕਾਂ ਦਾ ਆਉਣ ਜਾਣ ਘੱਟ ਗਿਆ। ਲੰਗਰ ਦੀ ਪ੍ਰਥਾ ਬੰਦ ਹੋ ਗਈ। ਇੰਜ ਲੱਗਦਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੇ ਸ਼ਰਧਾਲੂਆਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਮਨ੍ਹਾਂ ਵਿਚ ਵਸਾ ਕੇ ਆਪਣੀ ਘਰ ਦੀ ਚਾਰ ਦੀਵਾਰੀ ਵਿਚ ਹੀ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਪਿਆਰ ਨੂੰ ਸੀਮਤ ਕਰ ਲਿਆ ਸੀ। ਡੇਰਾ ਸਿਰਫ਼ ਬਾਵਿਆਂ ਦਾ ਘਰ 'ਕੋਠੀ' ਹੀ ਰਹਿ ਗਿਆ ਸੀ।

ਮਾਸਟਰ ਬਲਬੀਰ ਸਿੰਘ, ਜੋ ਬਾਅਦ ਵਿਚ ਡੇਰੇ ਦੇ ਮੈਨੇਜਰ ਵੀ ਰਹੇ ਬੜੀ ਤੀਖਣ ਸਿਆਸੀ ਬੁੱਧੀ, ਲੰਬੀ ਦੂਰਦਰਸ਼ੀ ਸੋਚ ਅਤੇ ਵਧੀਆ ਵਿਉਂਤਬੰਦੀ ਵਾਲਾ ਦਿਮਾਗ਼ ਰੱਖਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਬਰਾਦਰੀ ਦੇ ਲੋਕਾਂ ਦੇ ਦਿਲਾਂ ਅੰਦਰ ਸੰਤ ਪ੍ਰੇਮ ਸਿੰਘ ਜੀ ਦਾ ਕੀ ਅਸਥਾਨ ਹੈ। ਬਾਵਾ ਹਰਨਾਮ ਸਿੰਘ ਜੀ ਨੇ ਆਖਰੀ ਚੋਣ 1971 ਵਿਚ ਲੜੀ ਸੀ। ਹਲਕਾ ਭੁਲੱਥ ਦੇ ਸਿਆਸੀ ਅਖਾੜੇ ਵਿਚ ਵੀ ਪਰਿਵਾਰ ਦਾ ਰੋਲ ਹੁਣ ਨਾਂਹ ਦੇ ਬਰਾਬਰ ਹੀ ਰਹਿ ਗਿਆ ਸੀ। ਬਾਵਾ ਵਰਿੰਦਰ ਸਿੰਘ ਵੱਲੋਂ ਬਰਾਦਰੀ ਦੀ ਸੰਤਾ ਦੀ ਵੱਡੀ ਯਾਦਗਾਰ ਬਨਾਉਣ ਦੀ ਮੰਗ ਤੋਂ ਇਨਕਾਰ ਕਰਨ ਤੋਂ ਬਾਅਦ ਕੁਝ ਮੋਹਤਬਰ ਸੱਜਣਾਂ ਦੀ ਸਲਾਹ ਹੁਣ ਬਾਵਾ ਚਰਨਜੀਤ ਸਿੰਘ ਦੀ ਵਿਧਵਾ ਬੀਬੀ ਜਗੀਰ ਕੌਰ ਨੂੰ ਯਾਦਗਾਰ ਲਈ ਜ਼ਮੀਨ ਦੇਣ ਬਾਰੇ ਪੁੱਛਣ ਦੀ ਬਣ ਰਹੀ ਸੀ ਕਿਉਂ ਜੋ ਉਸ ਪਾਸ ਵੀ ਸੰਤ ਪ੍ਰੇਮ ਸਿੰਘ ਜੀ ਦੀ ਵਿਰਸੇ ਵਿਚ ਮਿਲੀ ਜਾਇਦਾਦ ਦਾ ਬਰਾਬਰ ਹਿੱਸਾ ਸੀ। ਮਾਸਟਰ ਬਲਬੀਰ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਦੀ ਛੋਟੀ ਭੈਣ ਨਾਲ ਹੋ ਚੁੱਕੀ ਸੀ। ਇਲਾਕੇ ਦੀਆਂ ਸੰਗਤਾਂ ਅਤੇ ਮੋਹਤਬਰ ਸੱਜਣਾਂ ਨੇ ਜਦ ਇਹ ਮੰਗ ਬੀਬੀ ਜਗੀਰ ਕੌਰ ਅੱਗੇ ਰੱਖੀ ਤਾਂ ਉਨ੍ਹਾਂ ਇਸ ਨੂੰ ਸੰਤ ਪ੍ਰੇਮ ਸਿੰਘ ਦੀਆਂ ਸੰਗਤਾਂ ਦਾ ਹੁਕਮ ਮੰਨ ਕੇ ਬਿਨਾਂ ਕਿਸੇ ਦੇਰੀ ਦੇ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਆਲੀਸ਼ਾਨ ਯਾਦਗਾਰ ਬਨਾਉਣ ਲਈ ਦਾਨ ਦੇਣ ਦਾ

ਫੈਸਲਾ ਕਰ ਲਿਆ। ਇਸ ਪ੍ਰਵਾਨਗੀ ਵਿਚ ਮਾਸਟਰ ਬਲਬੀਰ ਸਿੰਘ ਦਾ ਬੜਾ ਵੱਡਾ ਰੋਲ ਸੀ।

ਦਾਸ ਲੇਖਕ ਉਹਨੀਂ ਦਿਨੀਂ ਬੇਰੁਜ਼ਗਾਰ ਸੀ ਤੇ ਆਪਣੇ ਪਰਿਵਾਰ ਲਈ ਰੋਟੀ ਦਾ ਜੁਗਾੜ ਕਰਨ ਲਈ ਆਪਣੇ ਪਿੰਡ ਬੇਗੋਵਾਲ ਵਿਚ ਹੀ ਇਕ ਛੋਟਾ ਜਿਹਾ ਸਕੂਲ ਚਲਾਉਂਦਾ ਸੀ। ਸਕੂਲ ਅਤੇ ਕਾਲਜ ਦੀ ਮੁੱਢਲੀ ਪੜ੍ਹਾਈ ਦੇ ਦਿਨਾਂ ਤੋਂ ਮਾਸਟਰ ਬਲਬੀਰ ਸਿੰਘ ਨਾਲ ਚੰਗੀ ਵਾਕਫ਼ੀਅਤ ਸੀ, ਜੋ ਬਾਅਦ ਵਿਚ ਭਰਾਵਾਂ ਵਰਗੇ ਪਿਆਰ ਵਿਚ ਤਬਦੀਲ ਹੋਈ।



ਇਲਾਕੇ ਦੇ ਮੋਹਤਬਰ ਸੱਜਣਾਂ ਦੇ ਨਾਲ ਦਾਸ ਵੀ ਰਜਿਸਟਰੀ ਵੇਲੇ ਹਾਜ਼ਰ ਸੀ। ਗੁਰਦੁਆਰਾ ਲੋਹ ਲੰਗਰ ਸੰਤ ਪ੍ਰੇਮ ਸਿੰਘ ਜੀ ਦੇ ਨਾਮ ਤੇ ਰਜਿਸਟਰੀ ਹੋ ਗਈ ਅਤੇ ਰਜਿਸਟਰੀ ਦੀ ਇਬਾਰਤ ਵਿਚ ਹੀ ਬੀਬੀ ਜਗੀਰ ਕੌਰ ਨੂੰ ਗੁਰਦੁਆਰੇ ਦੀ ਤਾਅ-ਜ਼ਿੰਦਗੀ ਪ੍ਰਧਾਨ ਲਿਖ ਦਿੱਤਾ ਗਿਆ। ਪੁਰਾਣੀ ਇਮਾਰਤ ਦੇ ਖਸਰਾ ਨੰਬਰਾਂ ਸਮੇਤ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਬਨਾਉਣ ਲਈ ਸੰਗਤਾਂ ਨੂੰ ਮਿਲ ਗਈ।

ਬੀਬੀ ਜੀ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸੰਤਾਂ ਦੀ ਯਾਦਗਾਰ ਦੀ ਆਲੀਸ਼ਾਨ ਇਮਾਰਤ ਬਨਾਉਣ ਦੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਰਾ ਸਮਾਂ ਲਗਾਉਣ ਦਾ ਤਹੱਈਆ ਕਰ ਲਿਆ। ਸੇਵਾ ਹਰ ਇਕ ਮਨੁੱਖ ਨੂੰ ਨਹੀਂ ਮਿਲਦੀ। ਜਿਸ ਦੇ ਮੱਥੇ ਤੇ ਚੰਗੇ ਭਾਗਾਂ ਦੀਆਂ ਲਕੀਰਾਂ ਹੋਣ ਸੇਵਾ ਉਸ ਨੂੰ ਹੀ ਮਿਲਦੀ ਹੈ। ਬਾਵਾ ਹਰਨਾਮ ਸਿੰਘ ਜੀ ਜਾਂ ਬਾਵਾ ਵਰਿੰਦਰ ਸਿੰਘ ਨੂੰ ਸੰਤਾਂ ਦੀ ਯਾਦਗਾਰ ਬਨਾਉਣ ਦੀ ਸੇਵਾ ਜਾਂ ਜੱਸ ਨਹੀਂ ਸੀ ਮਿਲਣਾ। ਉਹ ਇਹ ਕਾਰਜ ਨਾ ਕਰ ਸਕੇ। ਬੀਬੀ ਜਗੀਰ ਕੌਰ ਜੀ ਨੇ ਆਪਣੇ ਮੁੱਢਲੇ ਸਾਥੀਆਂ ਦੀ ਟੀਮ ਨਾਲ ਇਸ ਕਾਰਜ ਨੂੰ ਬੜੇ ਜ਼ੋਰ ਅਤੇ ਜੋਸ਼ ਨਾਲ ਸ਼ੁਰੂ ਕੀਤਾ।

ਬੀਬੀ ਜੀ ਦੀ ਮੁੱਢਲੀ ਟੀਮ ਵਿਚ ਪ੍ਰਧਾਨ ਜਗੀਰ ਸਿੰਘ ਬੇਗੋਵਾਲ, ਸ. ਦਲੀਪ ਸਿੰਘ ਟਿੱਬਾ, ਗਿਆਨੀ ਸੰਗਤ ਸਿੰਘ ਟਿੱਬਾ, ਸ. ਤਾਰਾ ਸਿੰਘ ਮਹੰਤ, ਸ. ਆਸਾ ਸਿੰਘ ਮਹੰਤ, ਜਥੇਦਾਰ ਅਰਜਨ ਸਿੰਘ, ਡਰਾਈਵਰ ਹਰਨਾਮ ਸਿੰਘ, ਡਰਾਈਵਰ ਨਿਰੰਜਨ ਸਿੰਘ, ਜਥੇਦਾਰ ਗਿਆਨ ਸਿੰਘ ਅਕਬਰਪੁਰ, ਬਾਪੂ ਸ਼ਿੰਗਾਰਾ ਸਿੰਘ ਬੇਗੋਵਾਲ, ਬਾਬਾ ਬਲਵੰਤ ਸਿੰਘ, ਜਗਜੀਤ ਸਿੰਘ ਡਾਲਾ, ਗਿਆਨੀ ਕਰਤਾਰ ਸਿੰਘ ਭਦਾਸ, ਸ. ਉਜਾਗਰ ਸਿੰਘ ਕਮਲਾ ਸਾਰਾ ਪਰਿਵਾਰ, ਮੁਖਤਿਆਰ ਸਿੰਘ ਮੁਰੱਬੀਆ ਦਾ ਸਾਰਾ ਪਰਿਵਾਰ, ਹੋਰ ਕਈ ਸੱਜਣਾਂ ਤੋਂ ਇਲਾਵਾ ਦਾਸ ਸੁਰਿੰਦਰ ਸਿੰਘ ਰੂਬੀ ਵੀ ਸ਼ਾਮਲ ਸੀ। ਬੜੀਆਂ ਮੁਸ਼ਕਲਾਂ ਤਕਲੀਫ਼ਾਂ ਆਈਆਂ। ਪਰ ਬੀਬੀ ਜਗੀਰ ਕੌਰ ਦੀ ਠੋਸ, ਸੁਘੜ ਅਤੇ ਦ੍ਰਿੜਤਾ ਭਰੀ ਅਗਵਾਈ ਉਤੇ ਸੰਤ ਪ੍ਰੇਮ ਸਿੰਘ ਜੀ ਨੇ ਅਤੇ ਗੁਰੂ ਮਹਾਰਾਜ ਨੇ ਖੁਦ ਆਪਣੀ ਕ੍ਰਿਪਾਲਤਾ ਭਰੀ ਨਜ਼ਰ ਰੱਖੀ। ਪਿੰਡ ਪਿੰਡ ਉਗਰਾਹੀਆਂ ਕੀਤੀਆਂ ਗਈਆਂ। ਖਰਚਾ ਬਹੁਤ ਵੱਡਾ ਸੀ। ਬੀਬੀ ਜੀ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚੋਂ ਉਗਰਾਹੀ ਇਕੱਠੀ ਕਰਕੇ ਲਿਆਂਦੀ। ਸੁੰਦਰ ਯਾਦਗਾਰ ਦੀ ਇਮਾਰਤ ਜਦ ਦਿਸਣ ਲੱਗ ਪਈ ਤਾਂ ਜੋ ਥੋੜ੍ਹੀ ਬਹੁਤ ਵਿਰੋਧਤਾ ਸੀ ਉਹ ਵੀ ਖਤਮ ਹੋ ਗਈ। ਅੱਜ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਯਾਦਗਾਰ ਦੀ ਇਮਾਰਤ ਬਣੀ ਹੈ ਉਸ ਤੋਂ ਇਲਾਵਾ ਦੀਵਾਨ ਅਸਥਾਨ ਦੀ ਇਮਾਰਤ ਅਤੇ ਐਨ.ਆਰ.ਆਈ. ਅਤੇ ਹੋਰ ਸੱਜਣਾਂ ਦੇ ਸਹਿਯੋਗ ਨਾਲ ਲੰਗਰ ਹਾਲ ਦੀ ਵਧੀਆ ਇਮਾਰਤ ਬਣੀ ਹੈ ਇਹ ਸਭ ਕੁਝ ਬੀਬੀ ਜਗੀਰ ਕੌਰ ਜੀ ਦੀ ਸੁਘੜ ਅਤੇ ਸੁਯੋਗ ਅਗਵਾਈ ਦਾ ਹੀ ਨਤੀਜਾ ਹੈ। ਜੋ ਇਕ ਸਮੇਂ ਸੰਗਤਾਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਹਿਰਦੇ ਅਤੇ ਘਰਾਂ ਵਿਚ ਹੀ ਸੀਮਤ ਕਰ ਲਿਆ ਸੀ। ਅੱਜ ਬੀਬੀ ਜਗੀਰ ਕੌਰ ਨੇ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਨਾਲ ਦੁਬਾਰਾ ਜੋੜ ਲਿਆ ਹੈ।

ਡੇਰੇ ਦੀ ਪਰੰਪਰਾ ਅਨੁਸਾਰ ਹੀ ਬੀਬੀ ਜਗੀਰ ਕੌਰ ਨੇ ਇਲਾਕੇ ਦੀਆਂ ਸੰਗਤਾਂ ਨੂੰ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਅਗਵਾਈ ਦੇਣ ਦਾ ਅਹਿਮ ਕਾਰਜ ਸੰਭਾਲ ਲਿਆ। ਆਪ 1997, 2002 ਅਤੇ 2012 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ। ਆਪ ਜੀ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਵੀ ਰਹਿ ਚੁੱਕੇ ਹਨ। ਲਗਾਤਾਰ ਪੰਜ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਅਤੇ ਤਿੰਨ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਹਨ। ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਨਣ ਦਾ ਮਾਣ ਵੀ ਆਪ ਨੂੰ ਪ੍ਰਾਪਤ ਹੈ। ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਵੀ ਹਨ।

ਸੰਗਤਾਂ ਨੇ ਮੁਰਾਲਾ ਡੇਰਾ ਨਹੀਂ ਵੇਖਿਆ ਪ੍ਰੰਤੂ ਅੱਜ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਵਿਚ ਸੰਤ ਮਹਾਰਾਜ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਡੇਰਾ ਬੇਗੋਵਾਲ ਮੁਰਾਲਾ ਡੇਰਾ ਹੀ ਜਾਪਦਾ ਹੈ। ਮੁਰਾਲੇ ਵਾਂਗ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਰ ਤਰ੍ਹਾਂ ਦੀ ਅਗਵਾਈ ਮਿਲਦੀ ਹੈ।

# ਸ਼ਹੀਦਾਂ ਦੇ ਸਿਰਤਾਜ ਪੰਜਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ



ਪੰਚਮ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਆਗਿਆਕਾਰ, ਹੋਣਹਾਰ, ਲਾਡਲੇ ਸਪੁੱਤਰ, ਬਾਣੀ ਕੇ ਬੋਹਿਤ (ਦੋਹਤਾ ਬਾਣੀ ਦਾ ਬੋਹਤਾ) ਆਪਣੇ ਵੱਡਿਆਂ ਤੋਂ ਇਹ ਖਿਤਾਬ ਲੈਣ ਵਾਲੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (ਤਰਤੀਬ) ਕਰਨ ਵਾਲੇ ਨਿਡਰ ਗੁਰੂ, ਜਾਤ-ਪਾਤ ਅਤੇ ਊਚ-ਨੀਚ ਦਾ ਭਿੰਨ ਭੇਦ ਮਿਟਾਉਣ ਵਾਲੇ ਇਨਕਲਾਬੀ ਸਮਾਜ ਸੁਧਾਰਕ, ਬ੍ਰਹਮਗਿਆਨੀ, ਨਿਮਰਤਾ ਦੇ ਪੁੰਜ, ਵੱਖ-ਵੱਖ ਰਾਗ ਰਾਗਣੀਆਂ ਅਤੇ ਸ਼ਾਸ਼ਤਰੀ ਸੰਗੀਤ ਦਾ ਗਿਆਨ ਰੱਖਣ ਵਾਲੇ ਅਤੇ ਮਹਾਨ ਤਪੱਸ਼ਵੀ ਹੋਏ ਹਨ, ਜਿਨ੍ਹਾਂ ਦੇ ਤੁਲ ਜੱਗ ਵਿਚ ਕੋਈ ਮਿਸਾਲ ਨਹੀਂ ਮਿਲਦੀ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸਾਡੇ ਸਮਾਜ ਨੂੰ ਸਾਰੀ ਮਨੁੱਖਤਾ ਨੂੰ ਅਗਰ ਦੇਣ ਜਾਂ ਬਖਸ਼ਿਸ ਦਾ ਜ਼ਿਕਰ ਕਰੀਏ ਤਾਂ ਉਨ੍ਹਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਅਤੇ ਹੋਰ ਤਿੰਨ ਗੁਰੂ ਸਾਹਿਬਾਨ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਊਚ-ਨੀਚ ਤੇ ਜਾਤ-ਪਾਤ ਦੇ ਭੇਦ ਨੂੰ ਮਿਟਾ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਨਾਹਰਾ ਬੁਲੰਦ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 1604 ਈ. 'ਚ ਸੰਪਾਦਨਾ ਵੇਲੇ 15 ਭਗਤ ਸਾਹਿਬਾਨ ਅਤੇ 11 ਤੇ ਤਿੰਨ ਨਿਕਟਵਰਤੀ ਭੱਟਾਂ ਨੂੰ ਬਰਾਬਰ ਦਾ ਦਰਜਾ ਦੇ ਇਕ ਸੁੱਚਾ ਅਤੇ ਉਚਾ ਤੇ ਉਤਕ੍ਰਿਸ਼ਟ ਕਾਰਜ ਹੀ ਨਹੀਂ ਕੀਤਾ ਸਗੋਂ 'ਸਭੈ ਸਾਂਝੀਵਾਲ ਸਦਾਇਨ ਕੋਈ ਨਾ ਡਿਠੈ ਬਾਹਰਾ ਜੀਉ' ਦਾ ਉਪਦੇਸ਼ ਦੇ ਕੇ ਸਾਰੀ ਮਨੁੱਖਤਾ ਨੂੰ ਇਕ ਲੜੀ 'ਚ ਪਰੋਣ ਦਾ ਖਾਸ ਉਪਰਾਲਾ ਜ਼ਿਕਰਯੋਗ ਹੈ। ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ 1588 ਈ. 'ਚ ਉਸ ਵਕਤ ਦੇ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਤੋਂ ਨੀਂਹ ਪੱਥਰ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜ਼ੇ ਰੱਖ ਇਹ ਵੀ ਉਪਦੇਸ਼ ਦਿੱਤਾ ਕਿ 'ਉਪਦੇਸ ਚਹੁੰ ਵਰਨਾ ਕੋ ਸਾਂਝਾ'।




**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
98152-69145


ਅੱਜ ਉਹਨਾਂ ਦੇ ਸ਼ਹੀਦੀ ਗੁਰਪੁਰਬ ਦੇ ਸੰਬੰਧ 'ਚ ਕੁਝ ਲਿਖਿਆ ਜਾਵੇ ਤਾਂ ਸਾਨੂੰ ਸਭ ਤੋਂ ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੀ ਕਾਰਨ ਸਨ ਜਿਨ੍ਹਾਂ ਕਰਕੇ ਪੰਜਵੇਂ ਪਾਤਸ਼ਾਹ ਨੂੰ ਸ਼ਹੀਦੀ ਦੇਣੀ ਪਈ।

1. ਸਿੱਖ ਧਰਮ ਦਾ ਬੋਲਬਾਲਾ ਜਾਂ ਫੈਲਣਾ ਜੋ ਮੌਜੂਦਾ ਹਕੂਮਤ ਜਹਾਂਗੀਰ ਰਾਜੇ ਦੀਆਂ ਅੱਖਾਂ 'ਚ ਰੜਕਦਾ ਸੀ। ਇਸ ਦਾ ਪ੍ਰਮਾਣ ਜਹਾਂਗੀਰ ਰਾਜੇ ਦੀ ਆਪਣੀ ਲਿਖੀ ਸਵੈ-ਜੀਵਨੀ ਤੁਜਕੇ-ਜਹਾਂਗੀਰੀ 'ਚ ਮਿਲਦਾ ਹੈ।

2. ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸ੍ਰੀ ਹਰਿਮੰਦਿਰ ਸਾਹਿਬ ਜੀ ਦੀ ਸਥਾਪਨਾ।

3. ਗੁਰੂ ਜੀ ਵੱਲੋਂ 1604 ਈ. 'ਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (ਤਰਤੀਬ) ਕਰਨੀ। ਜਿਸ ਵਿਚ ਕੋਈ ਵਿਤਕਰਾ ਨਹੀਂ ਕੀਤਾ ਗਿਆ।

4. ਗੁਰੂ ਜੀ ਨੂੰ ਇਕ ਲੱਖ ਰੁਪਏ ਦਾ ਜ਼ੁਰਮਾਨਾ ਲਾਉਣਾ।

5. ਗੁਰੂ ਜੀ ਵੱਲੋਂ ਚੰਦੂ ਦੀ ਧੀ ਦਾ ਰਿਸ਼ਤਾ ਆਪਣੇ ਬੇਟੇ ਵਾਸਤੇ ਸਵੀਕਾਰ ਨਹੀਂ ਕਰਨਾ।

6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਜੋ ਸ਼ਬਦ ਮੌਜੂਦਾ ਹੈ ਹਕੂਮਤ ਦੇ ਕਹਿਣ ਮੁਤਾਬਕ ਇਤਰਾਜ਼ਯੋਗ ਸ਼ਬਦ ਹੈ ਜੋ ਜਹਾਂਗੀਰ ਰਾਜੇ ਨੂੰ ਪਸੰਦ ਨਹੀਂ ਸੀ।

ਉਨ੍ਹਾਂ ਸਵਾਲ ਉਠਾਇਆ ਕਿ –

**"ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰੁ।**
**ਘੜਿ ਭਾਂਡੇ ਇਟਾਂ ਕੀਆ, ਜਲ ਦੀ ਕਰੈ ਪੁਕਾਰੁ।**
**ਜਲ ਜਲ ਰੋਵੈ ਬਪੁੜੀ, ਝੜਿ ਝੜਿ ਪਵੇ ਅੰਗਿਆਰੁ।**
**ਨਾਨਕੁ ਕਰਤੇ ਕਾਰਨ ਕੀਆ ਸੋ ਜਾਣੈ ਕਰਤਾਰੁ।'**

**(ਆਸਾ ਦੀ ਵਾਰ)**

7. ਏਸੇ ਤਰ੍ਹਾਂ ਹੀ 1647 ਈ. 'ਚ ਤਰਨਤਾਰਨ ਨਗਰ ਵਸਾਇਆ। ਸਰੋਵਰ ਦਾ ਵੀ ਕਾਰਜ ਨਾਲ ਹੀ ਆਰੰਭਿਆ ਜੋ ਆਪ ਜੀ ਦੀ ਸਰਪ੍ਰਸਤੀ ਹੇਠ ਪੂਰਾ ਹੋਇਆ ਆਦਿ ਕਈ ਹੋਰ ਇਸ ਤਰ੍ਹਾਂ ਦੇ ਅਨੇਕ ਵਿਲੱਖਣ ਕਾਰਜ ਸਨ ਜੋ ਮੌਜੂਦਾ ਹਕੂਮਤ ਨੂੰ ਚੰਗੇ ਨਹੀਂ ਲੱਗਦੇ ਸਨ।

ਮੈਂ ਅੱਜ ਇਥੇ ਜ਼ਿਕਰ ਕਰ ਦਿਆਂ ਕਿ ਸਿੱਖ ਧਰਮ, ਸਿੱਖ ਫਲਸਫ਼ਾ, ਸਿੱਖਇਜ਼ਮ ਨਾ ਹੀ ਪਹਿਲਾਂ ਅਤੇ ਨਾ ਹੀ ਅੱਜ, ਇਸਲਾਮ ਦੇ ਖਿਲਾਫ਼ ਸੀ। ਅਗਰ ਲੜਾਈ ਸੀ ਤਾਂ ਸਿਰਫ਼ ਜ਼ਬਰ ਅਤੇ ਜ਼ੁਲਮ ਦੇ ਖਿਲਾਫ਼ ਲੜਾਈ ਸੀ। ਇਸ ਦੀਆਂ ਅਨੇਕਾਂ ਮਿਸਾਲਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦੱਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਮਿਲਦੀਆਂ ਹਨ। ਤੁਸੀਂ ਗਿਆਨੀ ਭਜਨ ਸਿੰਘ ਜੀ ਦੇ ਕਈ ਧਾਰਮਕ-ਇਤਿਹਾਸਕ ਨਾਵਲ ਪੜ੍ਹ ਕੇ ਵੀ ਵੇਖੋ। ਸਿੱਖ ਧਰਮ ਦੀ ਜੱਗ ਤੇ ਕੋਈ ਵਿਲੱਖਣ ਮਿਸਾਲ ਨਹੀਂ ਮਿਲਦੀ। ਸਿੱਖ ਫ਼ਲਸਫ਼ਾ ਬਹੁਤ ਹੀ ਗਹਿਰਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਕਤ ਧਾਰਮਕ ਨਿਰਪੱਖਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਜਦੋਂ ਪੰਚਮ ਪਿਤਾ ਜੀ ਨੇ ਉਸ ਵਕਤ ਦੇ ਸੂਫ਼ੀ ਸੰਤ ਮੀਆਂ ਮੀਰ ਜੀ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰਖਵਾਇਆ ਤੇ ਚਾਰ ਦਰਵਾਜ਼ੇ ਰੱਖ ਕੇ 'ਉਪਦੇਸ ਚਹੁੰ ਵਰਨਾ ਕੋ ਸਾਂਝਾ' ਦੇ ਕੇ ਸਾਂਝੀਵਾਲਤਾ ਦੀ ਰੀਤ ਚਲਾਈ। ਭਗਤ ਫਰੀਦ ਜੀ, ਭਗਤ ਕਬੀਰ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚਾ ਤੇ ਸੁੱਚਾ, ਬਰਾਬਰ ਦਾ ਦਰਜਾ ਦੇਣਾ ਕਈ ਤਰ੍ਹਾਂ ਦੀਆਂ ਅਲੌਕਿਕ ਮਿਸਾਲਾਂ ਮਿਲਦੀਆਂ ਹਨ।

ਇਹ ਉਹੀ ਸੰਤ ਮੀਆਂ ਮੀਰ ਜੀ ਸਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ (ਸ਼ਾਦੀ) 20 ਹਾੜ ਸੰਨ 1646 ਈ. 'ਚ ਸ਼ਰੀਕ ਹੋ ਕੇ ਉਹਨਾਂ ਦੀ ਬਰਾਤੇ ਜ਼ਿਲ੍ਹਾ ਜਲੰਧਰ 'ਚ ਪੈਂਦੇ ਪਿੰਡ ਮੌਅ ਸਾਹਿਬ ਸਮੂੰਹ ਸੰਤ ਮੰਡਲੀ ਲੈ ਕੇ ਗਏ ਸਨ ਜਿਨ੍ਹਾਂ 'ਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਬਾ ਸੰਗ ਜੀ ਅਤੇ ਬਹੁਤ ਸਾਰੇ ਸੰਤ ਫ਼ਕੀਰ ਸ਼ਾਮਲ ਹੋਏ ਸਨ। ਲਾਵਾਂ ਬਾਬਾ ਬੁੱਢਾ ਜੀ ਨੇ ਪੜ੍ਹੀਆਂ। ਵਿਆਹ ਦੇ ਛੰਦ ਵੀ ਗੁਰੂ ਜੀ ਨੇ ਆਪ ਉਚਾਰੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1361 ਤੇ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਬਾਕੀ ਪੁੱਤਰਾਂ ਨਾਲੋਂ ਬਹੁਤ ਹੀ ਆਗਿਆਕਾਰ ਸਪੁੱਤਰ ਸਨ। ਇਥੇ ਮੈਂ ਥੋੜ੍ਹਾ ਜਿਹਾ ਜ਼ਿਕਰ ਬੜੀ ਹੀ ਸਤਿਕਾਰਯੋਗ ਸਖ਼ਸ਼ੀਅਤ ਬਾਬਾ ਬੁੱਢਾ ਜੀ ਦਾ ਕਰਨਾ ਚਾਹਾਂਗਾ ਜਿਨ੍ਹਾਂ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਜੀ ਤੱਕ ਸੇਵਾ ਵੀ ਕੀਤੀ ਅਤੇ ਨੇੜੇ ਹੋ ਕੇ ਸੰਗਤ ਵੀ ਹਾਸਲ ਕੀਤੀ। ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦੀ ਬਖਸ਼ਿਸ਼ ਉਹਨਾਂ ਦੇ ਮੁਖਾਰਬਿੰਦ 'ਚੋਂ ਹੋਈ ਸੀ। ਉਮਰ ਦਾ ਕਾਫੀ ਤਜ਼ਰਬਾ ਸੀ ਤੇ ਉਹਨਾਂ ਦੀ ਉਮਰ ਵੀ ਤਕਰੀਬਨ 125 ਸਾਲ ਦੇ ਕਰੀਬ ਹੋਈ। ਜਦ ਉਨ੍ਹਾਂ ਨਾਲ ਛੇਵੀਂ ਪਾਤਸ਼ਾਹੀ ਬਚਨ ਬਿਲਾਸ ਕਰ ਰਹੇ ਸਨ ਤਾਂ ਬਾਬਾ ਬੁੱਢਾ ਜੀ ਨੇ ਮੁਖੋਂ ਇਹ ਸ਼ਬਦ ਬੜੇ ਹੀ ਆਦਰ ਸਹਿਤ ਉਚਾਰੇ -

1. ਸ੍ਰੀ ਗੁਰੂ ਨਾਨਕ ਦੇਵ ਜੀ ਵਰਗਾ ਕੋਈ ਜੱਗ ਤੇ ਗੁਰੂ ਨਹੀਂ ਹੋਇਆ।

2. ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ) ਵਰਗਾ ਕੋਈ ਸਿੱਖ ਨਹੀਂ ਹੋਇਆ।

3. ਸ੍ਰੀ ਗੁਰੂ ਅਮਰਦਾਸ ਜੀ ਵਰਗਾ ਕੋਈ ਸੇਵਕ ਨਹੀਂ ਹੋਇਆ।

4. ਸ੍ਰੀ ਗੁਰੂ ਰਾਮਦਾਸ ਜੀ ਵਰਗਾ ਜਵਾਈ (ਦਮਾਦ) ਨਹੀਂ ਹੋਇਆ।

5. ਸ੍ਰੀ ਗੁਰੂ ਅਰਜਨ ਦੇਵ ਜੀ ਵਰਗਾ ਕੋਈ ਜੱਗ ਤੇ ਨੇਕ ਸਪੁੱਤਰ ਨਹੀਂ ਹੋਇਆ।

ਉਹਨਾਂ ਦੇ ਨੇਕ ਸੁਭਾਅ ਅਤੇ ਨਿਮਰਤਾ ਦੇ ਪੁੰਜ ਹੋਣ ਦੀਆਂ ਕਈ ਮਿਸਾਲਾਂ ਉਹਨਾਂ ਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਹਨ ਮਿਲਦੀਆਂ ਹਨ। ਲਾਹੌਰ 'ਚ ਆਪਣੇ ਪਿਤਾ ਜੀ ਦੇ ਕਹਿਣ ਮੁਤਾਬਕ ਜਦ ਉਹ ਸ਼ਾਦੀ ਤੇ ਗਏ। ਜੋ ਚਿੱਠੀਆਂ ਦੇ ਰੂਪ ਵਿਚ ਉਹਨਾਂ ਆਪਣੇ ਮਨ ਦੀ ਤੜਫਨਾ ਦਾ ਜ਼ਿਕਰ ਕੀਤਾ।

ਅਗਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਬਾਣੀ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ 'ਚ ਰਚੀ ਗਈ ਬਾਣੀ ਵਿਚੋਂ ਸਭ ਤੋਂ ਜ਼ਿਆਦਾ ਹੈ। ਉਹਨਾਂ ਨੂੰ ਸਾਰੇ ਰਾਗਾਂ ਬਾਰੇ ਪੂਰਾ ਗਿਆਨ ਹੀ ਨਹੀਂ ਸੀ ਸਗੋਂ ਪ੍ਰਪੱਕਤਾ ਵੀ ਰੱਖਦੇ ਸਨ। ਸ੍ਰੀ ਸੁਖਮਨੀ ਸਾਹਿਬ ਜੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਗਾਉੜੀ ਦੇ ਮਹਲਾ ਪੰਜਵਾਂ ਵਿਚ ਅੰਕ 962 ਉਪਰ ਬਹੁਤ ਹੀ ਅਲੌਕਿਕ ਤਰੀਕੇ ਨਾਲ ਦਰਜ ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀਆਂ 24 ਅਸ਼ਟਪਦੀਆਂ ਹਨ ਅਤੇ ਇਸ ਦੇ ਕੁਲ 24 ਹਜ਼ਾਰ ਹੀ ਅੱਖਰ ਹਨ। ਇਹ ਗੁਰੂ ਜੀ ਹੁਰਾਂ ਦੀ ਵਡਮੁੱਲੀ ਰਚਨਾ ਹੈ। ਇਹ ਸੁੱਖਾਂ ਦੀ ਮਣੀ ਜਾਂ ਸੁੱਖਾਂ ਦਾ ਸਾਗਰ ਹੀ ਨਹੀਂ ਸਗੋਂ ਇਸ ਸਾਗਰ 'ਚ ਅਸੀਂ ਚੁਭੀ ਮਾਰ ਕੇ ਦੇਖੀਏ ਤਾਂ ਇਸ ਵਿਚ ਹੀਰੇ ਜਵਾਰਾਤ ਦਾ ਖਜ਼ਾਨਾ ਹੈ।

ਅਗਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਬਰੀਕੀ ਨਾਲ ਖੋਜ ਕਰੀਏ ਤਾਂ ਇਹਨਾਂ ਦੀ ਬਾਣੀ 'ਚ ਸ਼ਬਦਾਂ ਰਾਹੀਂ ਮੁਰਾਦਾਂ ਵੀ ਪੂਰੀਆਂ ਹੁੰਦੀਆਂ ਹਨ। ਕੋਈ ਇਸ ਵਿਚ ਜਾਦੂ ਟੂਣੇ ਜਾਂ ਧਾਗੇ ਤਵੀਤ ਵਾਲੀ ਗੱਲ ਨਹੀਂ। ਸਿਰਫ਼ ਸ਼ਬਦ ਰਾਹੀਂ ਜਾਪ ਕਰਨ ਨਾਲ ਹੀ ਉਸ ਵਾਹਿਗੁਰੂ ਦੀ ਖੁਦ ਆਪ ਹੀ ਅਪਾਰ ਕਿਰਪਾ ਹੋ ਜਾਂਦੀ ਹੈ।

ਸੋ ਅਗਰ ਗੁਰਦੇਵ ਪਿਤਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਹੋਰ ਬਰੀਕੀ ਨਾਲ ਘੋਖ ਕਰੀਏ ਤਾਂ ਉਹ ਕੇਵਲ ਬ੍ਰਹਮਗਿਆਨੀ ਹੀ ਨਹੀਂ ਸਨ ਸਗੋਂ ਸਰਬ ਕਲਾ ਸਮਰੱਥ ਸਨ। ਅੱਜ ਉਹਨਾਂ ਜੀ ਦੇ ਸ਼ਹੀਦੀ ਗੁਰਪੁਰਬ ਤੇ ਮੈਂ ਸਾਧ ਸੰਗਤ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੌਕੇ ਦੀ ਹਕੂਮਤ ਨੇ ਉਹਨਾਂ ਨਾਲ ਜੋ ਵਤੀਰਾ ਕੀਤਾ ਸੀ ਇਹ ਉਹਨਾਂ ਨੂੰ ਭਲੀ ਭਾਂਤ ਪਹਿਲਾਂ ਸਭ ਪਤਾ ਸੀ ਪਰ ਉਹ ਆਪਣੇ ਸਿਦਕ ਤੇ ਅਡੋਲ ਸਨ। ਜੋ ਇਕ ਲੱਖ ਰੁਪਏ ਦਾ ਜ਼ੁਰਮਾਨਾ ਵੀ ਹਕੂਮਤ ਨੇ ਲਾਇਆ ਸੀ। ਗੁਰੂ ਜੀ ਕੋਲ ਕਿਸੇ ਗੱਲ ਦੀ ਕੋਈ ਘਾਟ ਨਹੀਂ ਸੀ ਉਹ ਪੈਸੇ ਦੇ ਸਕਦੇ ਸਨ। ਪਰ ਉਹਨਾਂ ਇੰਜ ਨਹੀਂ ਕੀਤਾ। ਉਹਨਾਂ ਦੀ ਸਿੱਖੀ ਸਿਦਕ ਭਰੋਸੇ ਪਰਖਣ ਦੀ ਘੜੀ ਆ ਗਈ ਸੀ। ਸੋ ਅੱਜ ਦੇ ਸ਼ਹੀਦੀ ਗੁਰਪੁਰਬ ਤੇ ਆਉ ਗੁਰਦੇਵ ਪਿਤਾ ਜੀ ਦੀ ਸੋਚ ਨੂੰ ਅਪਣਾਈਏ ਅਤੇ ਉਹਨਾਂ ਦੇ ਨਕਸ਼ੇ-ਕਦਮ ਤੇ ਚੱਲਣ ਦੀ ਕੋਸ਼ਿਸ਼ ਕਰੀਏ। ਅੱਜ ਦੇ ਦਿਨ ਸਾਡੀ ਸੱਚੀ ਸ਼ਰਧਾ ਉਹਨਾਂ ਪ੍ਰਤੀ ਇਹੀ ਹੋਵੇਗੀ ਕਿ ਉਹਨਾਂ ਦੇ ਫਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਈਏ ਅਤੇ ਗੁਰੂ ਜੀ ਦੀ ਮੱਤ ਦੇ ਧਾਰਨੀ ਬਣੀਏ।

ਪੰਚਮ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ






**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**


## ਗੁਰਦੁਆਰਾ ਪੰਚਮ ਪਾਤਿਸ਼ਾਹ

ਸ੍ਰੀ ਗੁਰੂ ਅਰਜਨ ਦੇਵ ਜੀ ਨਨਕਾਣਾ ਸਾਹਿਬ ਤੋਂ ਚੱਲ ਕੇ ਪਿੰਡ ਬੁੱਚੇਕੀ ਸੇਖੂਪੁਰਾ ਆਏ ਸਨ। ਇਹ ਪਿੰਡ ਲਾਹੌਰ ਜੜਾਂਵਾਲਾ ਸੜਕ ਉੱਤੇ ਬਹੁਤ ਹੀ ਪ੍ਰਸਿੱਧ ਹੈ। ਰੇਲਵੇ ਸਟੇਸ਼ਨ ਨਨਕਾਣਾ ਸਾਹਬਿ ਤੋਂ ਕੋਈ 15 ਕਿਲੋਮੀਟਰ ਦੱਖਣ ਪੱਛਮ ਵੱਲ ਹੈ। ਗੁਰਦੁਆਰਾ ਸਾਹਿਬ ਬਹੁਤ ਸੁੰਦਰ ਗੁੰਬਦ-ਦਾਰ ਬਨਿਆ ਹੋਇਆ ਹੈ। ਬਹੁਤੇ ਵਧੀਆ ਰਹਿਣ ਵਾਲੇ ਕਮਰੇ ਵੀ ਬਣੇ ਹੋਏ ਹਨ ਜਿਸ ਨਾਲ ਲੰਗਰ ਹਾਲ ਵੀ ਬਣਿਆ ਹੋਇਆ ਹੈ। ਇਸ ਵਿਚ ਪ੍ਰਾਇਮਰੀ ਸਕੂਲ ਹੈ।

**ਗੁਰਦੁਆਰਾ ਥੰਮ ਸਾਹਿਬ** - ਸ੍ਰੀ ਗੁਰੂ ਅਰਜਨ ਦੇਵ ਜੀ ਬਹਿੜਵਾਲ ਤੋਂ ਚੱਲ ਕੇ ਜੰਬਰ ਕਲਾ ਪਿੰਡ ਵਿਚ ਆਏ ਜੋ ਕਿ ਕਸੂਰ ਜ਼ਿਲ੍ਹੇ ਵਿਚ ਪੈਂਦਾ ਹੈ ਅਤੇ ਲਾਹੌਰ ਮੁਲਤਾਨ ਰੋਡ ਉੱਤੇ ਭਾਈ ਫੇਰੂ ਤੋਂ ਅੱਗੇ ਛਾਂਗਾ ਮਾਂਗਾ ਮੋੜ ਤੇ ਆਬਾਦ ਹੈ। ਇਸ ਤਰ੍ਹਾਂ ਇਹ ਜੰਬਰ ਕਲਾ ਤੇ ਜੰਬਰ ਖੁਰਦ ਨਾਲ-ਨਾਲ ਜੁੜੇ ਹੋਏ ਪਿੰਡ ਹਨ ਜਿਨ੍ਹਾਂ ਦੀ ਆਬਾਦੀ ਅੱਜਕਲ੍ਹ ਇਕਮਿਕ ਹੋ ਕੇ ਇਕ ਹੀ ਪਿੰਡ ਲੱਗਦਾ ਹੈ। ਇਥੇ ਹੀ ਜੰਬਰ ਕਲਾਂ ਦੀ ਆਬਾਦੀ ਵਿਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਾਵਨ ਅਸਥਾਨ ਥੰਮ ਸਾਹਿਬ ਹੈ। ਇਥੇ ਗੁਰੂ ਜੀ ਨੇ ਕਿਦਾਰਾ, ਸਮੱਧੂ, ਮਖੰਡਾ, ਤੁਲਸਾ ਅਤੇ ਲਾਲੂ ਨਾਮੀ ਗੁਰਸਿੱਖ ਬਣਾਇਆ। ਇਸ ਪਾਵਨ ਅਸਥਾਨ ਦੀ ਇਮਾਰਤ ਬਹੁਤ ਆਲੀਸ਼ਾਨ ਤੇ ਵਿਸ਼ਾਲ ਹੈ। ਇਸ ਪਾਵਨ ਅਸਥਾਨ ਦੇ ਨਾਂ 150 ਘੁਮਾਹ ਜ਼ਮੀਨ ਹੈ। ਇਸ ਦੀ ਇਮਾਰਤ ਬਹੁਤ ਵਧੀਆ ਤੇ ਮਜ਼ਬੂਤ ਹੈ।

**ਗੁਰਦੁਆਰਾ ਪੰਜਵੀਂ ਪਾਤਿਸ਼ਾਹੀ ਅਤੇ ਛੇਵੀਂ ਪਾਤਿਸ਼ਾਹੀ** - ਇਸ ਅਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਸਥਾਨ ਗੁੰਬਦ ਤੋਂ ਬਿਨਾਂ ਅਤੇ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਅਸਥਾਨ ਗੁੰਬਦ ਵਾਲਾ ਬਣਿਆ ਹੋਇਆ ਹੈ। ਇਹ ਇਤਿਹਾਸਕ ਅਸਥਾਨ ਨਨਕਾਣਾ ਸਾਹਿਬ ਤੰਬੂ ਸਾਹਿਬ ਤੋਂ ਨੀਰਤ ਜਨਮ ਅਸਥਾਨ ਨੂੰ ਜਾਣ ਵਾਲੀ ਸੜਕ ਤੇ ਹੈ। ਇਹ ਦੋਵੇਂ ਗੁਰਦੁਆਰਾ ਸਾਹਿਬ ਇਕੋ ਚਾਰਦੀਵਾਰੀ ਵਿਚ ਬਣੇ ਹੋਏ ਹਨ। ਛੇਵੇਂ ਪਾਤਿਸ਼ਾਹ ਕਸ਼ਮੀਰ ਤੋਂ ਮੁੜਦੇ ਹੋਏ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਹਾੜ ਦੇ ਮਹੀਨੇ ਆਏ ਸਨ। ਆਪ ਜਿਥੇ ਆ ਕੇ ਬਿਰਾਜੇ ਸਨ ਉਥੇ ਗੁਰਸਿੱਖਾਂ ਨੇ ਇਸ ਨੂੰ ਇਤਿਹਾਸਕ ਥਾ ਬਣਾ ਲਿਆ। ਇਸ ਅਸਥਾਨ ਦੇ ਕੋਈ 13 ਕੁ ਘੁਮਾਹ ਜ਼ਮੀਨ ਦੱਸੀ ਜਾਂਦੀ ਹੈ ਜਿਸ ਵਿਚ ਦਰੱਖਤ ਹੇਠ ਸਤਿਗੁਰੂ ਬੈਠੇ ਸਨ ਦੱਸਦੇ ਹਨ ਕਿ ਉਹ ਦਰੱਖਤ ਅਲੋਪ ਹੋ ਚੁੱਕਾ ਹੈ। ਉਸ ਦਰੱਖਤ ਦਾ ਤਣਾਂ ਸ਼ੀਸ਼ੇ ਦੀ ਇਕ ਪੇਟੀ ਵਿਚ ਸੰਭਾਲ ਕੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਦੇ ਗੁੰਬਦ ਵਿਚ ਰੱਖਿਆ ਹੋਇਆ ਹੈ। ਜਿਸ ਦੇ ਦਰਸ਼ਨ ਦੂਰ-ਦੂਰ ਤੋਂ ਸੰਗਤਾਂ ਕਰਨ ਆਉਂਦੀਆਂ ਹਨ। ਇਥੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ ਕੇਵਲ ਇਮਾਰਤਾਂ ਹੀ ਹਨ। ਯਾਤਰੀ ਦੂਰ ਦੁਰਾਡਿਆਂ ਤੋਂ ਆ ਕੇ ਇਸ ਅਸਥਾਨ ਦੇ ਦਰਸ਼ਨ ਕਰਕੇ ਉਸ ਅਕਾਲ ਪੁਰਖ ਦੀਆਂ ਬਖਸ਼ਸ਼ਾਂ ਪ੍ਰਾਪਤ ਕਰ ਆਪਣੇ ਆਪ ਨੂੰ ਭਾਗਾਂ ਵਾਲੇ ਮੰਨਦੇ ਹਨ।

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਣਾਏ ਹੋਏ ਅਸਥਾਨਾਂ ਦਾ ਵੇਰਵਾ

ਅਨੂਪ ਸਿੰਘ ਨੂਰੀ



**ਸੰਤੋਖਸਰ** - ਸਭ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਤੋਖਸਰ ਆਰੰਭ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲਾਂ ਉਸ ਨੂੰ ਪੂਰਨ ਕਰਨਾ ਉਚਿਤ ਸਮਝਿਆ। ਪੇਸ਼ਾਵਰ ਦੇ ਰਹਿਣ ਵਾਲੇ ਇਕ ਧਨਾਢ ਸਿੱਖ ਭਾਈ ਸੰਤੋਖ ਨੇ ਇਸ ਦੀ ਸੇਵਾ ਵਾਸਤੇ ਚੋਖਾ ਧਨ ਅਰਦਾਸ ਕਰਵਾਇਆ। ਸੰਨ 1643 ਬਿਕਰਮੀ ਵਿਚ ਇਹ ਸਰੋਵਰ ਮੁਕੰਮਲ ਹੋ ਗਿਆ।

**ਸ੍ਰੀ ਹਰਿਮੰਦਰ ਸਾਹਿਬ** - ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਮਹਾਰਾਜ ਨੇ ਅੰਮ੍ਰਿਤ-ਸਰੋਵਰ ਨੂੰ ਮੁਕੰਮਲ ਕਰਨ ਵੱਲ ਆਪਣਾ ਸਾਰਾ ਧਿਆਨ ਲਾਇਆ। ਸਰੋਵਰ ਲਗਭਗ ਮੁਕੰਮਲ ਹੋ ਗਿਆ ਤਾਂ ਮਹਾਰਾਜ ਨੇ ਪਹਿਲੀ ਮਾਘ ੧੬੪੫ ਬਿ. ਨੂੰ ਹਰਿਮੰਦਰ ਸਾਹਿਬ ਦੀ ਨੀਂਹ ਧਰੀ। ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਅਨੋਖੀ ਕਰਨੀ ਕਰ ਵਿਖਾਈ, ਜਿਸ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ। ਲਾਹੌਰ ਤੋਂ ਸਾਈਂ ਮੀਆਂ ਮੀਰ ਨੂੰ ਬੁਲਾ ਕੇ 'ਹਰਿਮੰਦਰ ਸਾਹਿਬ' ਦੀ ਨੀਂਹ ਉਸ ਕੋਲੋਂ ਰਖਵਾਈ ਗਈ। ਸਿੱਖਾਂ ਦੇ ਸਭ ਤੋਂ ਵੱਡੇ ਮੰਦਰ ਦੀ ਨੀਂਹ ਇਕ ਮੁਸਲਮਾਨ ਫਕੀਰ ਦੇ ਹੱਥੋਂ ਰਖਵਾਈ ਗਈ।

'ਹਰਿਮੰਦਰ' ਸਾਹਿਬ ਅੰਮ੍ਰਿਤਸਰ (ਸਰੋਵਰ) ਦੇ ਵਿਚਕਾਰ ਰਚਿਆ ਗਿਆ। ਉਸ ਦੇ ਚਾਰ ਦਰਵਾਜ਼ੇ ਰੱਖੇ ਗਏ ਜਿਸ ਦਾ ਭਾਵ ਸੀ ਕਿ ਇਹ ਧਰਮ ਮੰਦਰ ਚੋਹਾਂ ਵਰਣਾਂ ਵਾਸਤੇ ਖੁੱਲ੍ਹਾ ਹੈ। ਪੰਡਤ ਦੇ ਬਣਾਏ ਮੰਦਰ ਕੇਵਲ ਉੱਚ ਜਾਤੀਆਂ ਵਾਸਤੇ ਸਨ। ਮਿਥੀਆਂ ਹੋਈਆਂ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਸੀ। ਇਹ ਹਰੀ (ਈਸ਼ਵਰ) ਦਾ ਮੰਦਰ ਸਾਰੀਆਂ ਜਾਤੀਆਂ ਵਾਸਤੇ, ਹਰ ਪ੍ਰਾਣੀ ਮਾਤਰ ਵਾਸਤੇ ਖੁੱਲ੍ਹਾ ਸੀ। 'ਹਰਿਮੰਦਰ' ਸਾਹਿਬ ਨੂੰ ਕਿ ਪੁਲ ਰਾਹੀਂ ਬਾਹਰ ਦੀ ਪਰਕਰਮਾ ਨਾਲ ਮਿਲਾ ਦਿੱਤਾ ਗਿਆ। ਕਲਾ-ਮਈ ਪੱਖ ਤੋਂ ਵੀ ਇਹ ਕਾਰੀਗਰੀ ਦਾ ਬਹੁਤ ਉੱਤਮ ਨਮੂਨਾ ਹੈ। ਇਸ ਵੇਲੇ ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਸੰਸਾਰ ਦੇ ਪ੍ਰਸਿੱਧ 'ਅਜੂਬਿਆਂ' ਵਿਚੋਂ ਗਿਣਿਆ ਜਾਂਦਾ ਹੈ।

**ਦਸਵੰਧ** - ਗੁਰੂ ਰਾਮਦਾਸ ਜੀ ਨੇ ਮਸੰਦ ਥਾਪੇ ਸਨ, ਬਾਹਰੋਂ ਉਗਰਾਹੀ ਲਿਆਉਣ ਵਾਸਤੇ। ਗੁਰੂ ਅਰਜਨ ਦੇਵ ਜੀ ਨੇ ਉਸ ਉਗਰਾਹੀ ਦੀ ਇਕ ਹੱਦ ਮਿਥ ਦਿੱਤੀ। ਸੰਗਤਾਂ ਨੂੰ ਹੁਕਮ ਦਿੱਤਾ ਕਿ ਹਰ ਸ਼ਰਧਾਲੂ ਸਿੱਖ ਆਪਣੀ



ਖਾਲਸ ਬੱਚਤ ਵਿਚੋਂ ਦਸਵਾਂ ਹਿੱਸਾ ਗੁਰੂ ਕੀ ਗੋਲਕ ਵਾਸਤੇ ਭੇਟਾ ਕਰੇ। ਇਸ ਹਿੱਸੇ ਵਾਸਤੇ ਸਿੱਖਾਂ ਵਿਚ ਅੱਜ ਤੱਕ ਸ਼ਬਦ 'ਦਸਵੰਧ' ਪ੍ਰਚਲਤ ਹੈ।

ਇਸ ਦਸਵੰਧ ਵਿਚੋਂ ਗੁਰੂ ਕਾ ਲੰਗਰ ਤੇ ਲੋਕ ਭਲਾਈ ਦੇ ਹੋਰ ਕਾਰਜ ਚਲਦੇ ਸਨ, ਲੋੜਵੰਦਾਂ ਦੀ ਮਾਲੀ ਸਹਾਇਤਾ ਵੀ ਕੀਤੀ ਜਾਂਦੀ ਸੀ। ਇਉਂ ਸਮਝੋ ਕਿ ਗੁਰੂ ਕੀ ਗੋਲਕ ਸਾਰੀ ਕੌਮ ਦਾ ਸਾਂਝਾ ਸਰਮਾਇਆ ਸੀ।

**ਤਰਨਤਾਰਨ** - ਅੰਮ੍ਰਿਤਸਰ ਦੇ ਹਾਲਾਤ ਠੀਕ ਹੋ ਗਏ ਤਾਂ ਗੁਰੂ ਮਹਾਰਾਜ ਨੇ ਇਲਾਕੇ ਵਿਚ ਦੌਰੇ ਕਰਨੇ ਸ਼ੁਰੂ ਕਰ ਦਿੱਤੇ। ਜਿੱਥੇ ਮਹਾਰਾਜ ਪੁਰਾਤਨ ਧਰਮ-ਅਸਥਾਨਾਂ ਦੀ ਸੇਵਾ ਕਰਾਉਂਦੇ, ਉਥੇ ਨਵੇਂ ਅਸਥਾਨ ਵੀ ਰਚਦੇ। ਸਤਾਰਾਂ ਵਿਸਾਖ, ਸੰਮਤ 1647 ਬਿ. ਨੂੰ ਮਹਾਰਾਜ ਨੇ 'ਤਰਨਤਾਰਨ' ਦੇ ਪਵਿੱਤਰ ਸਰੋਵਰ ਦਾ ਟੱਪਾ ਲਾਇਆ। ਇਹ ਸਰੋਵਰ ਕਾਫੀ ਵੱਡਾ ਹੈ। ਹਰਿਮੰਦਰ ਸਾਹਿਬ ਸਰੋਵਰ ਦੇ ਇਕ ਕਿਨਾਰੇ ਉਤੇ ਹੈ, ਅੰਮ੍ਰਿਤਸਰ ਵਾਂਗ ਵਿਚਕਾਰ ਨਹੀਂ।

ਸਰੋਵਰ ਤੋਂ ਥੋੜ੍ਹੀ ਵਿੱਥ ਉਤੇ ਗੁਰਦੇਵ ਨੇ ਕੋਹੜੀਆਂ ਦੇ ਰਹਿਣ ਵਾਸਤੇ ਇਕ ਨਿਵਾਸ-ਅਸਥਾਨ ਬਣਾਇਆ ਜਿਥੇ ਰੋਗੀਆਂ ਦੇ ਅੰਨ ਬਸਤਰ ਤੇ ਦਵਾ ਦਾਰੂ ਦਾ ਪ੍ਰਬੰਧ ਕੀਤਾ ਗਿਆ।

ਏਥੋਂ ਚੱਲ ਕੇ 'ਚੋਲ੍ਹਾ' ਆਦਿ ਨਗਰਾਂ ਵਿਚ ਦੀ ਸੰਗਤਾਂ ਨੂੰ ਤਾਰਦੇ ਹੋਏ, ਤੇ ਖਡੂਰ ਸਾਹਿਬ ਤੋਂ ਗੋਇੰਦਵਾਲ ਗੁਰਧਾਮਾਂ ਦੇ ਦਰਸ਼ਨ ਕਰਦੇ ਹੋਏ ਆਪ ਦੁਆਬੇ ਵਿਚ ਜਾ ਪਹੁੰਚੇ।

**ਕਰਤਾਰਪੁਰ ਵਸਾਇਆ** - ਗੁਰੂਦੇਵ ਡੱਲੇ ਨਗਰ ਵਿਚ ਠਹਿਰੇ ਹੋਏ ਸਨ। ਹਜ਼ੂਰ ਦੀ ਸੋਭਾ ਸੁਣ ਕੇ ਜਲੰਧਰ ਦਾ ਨਾਜ਼ਮ ਅਜ਼ੀਮ ਖਾਂ ਵੀ ਦਰਸ਼ਨ ਕਰਨ ਆਇਆ। ਮਹਾਰਾਜ ਦੇ ਸ਼ੁਭ ਵਿਚਾਰ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਇਆ। ਉਹਨੇ ਆਪਣੇ ਇਲਾਕੇ ਵਿਚ ਕੋਈ ਨਵਾਂ ਨਗਰ ਵਸਾਉਣ ਵਾਸਤੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ। ਉਸਦੀ ਸ਼ਰਧਾ ਵੇਖ ਕੇ ਗੁਰਦੇਵ ਨੇ 21 ਮੱਘਰ 1650 ਬਿ. ਨੂੰ ਇਸ ਨਗਰ ਦੀ ਨੀਂਹ ਧਰੀ। ਅਜ਼ੀਮ ਖਾਂ ਦੀ ਚਾਹ ਸੀ ਕਿ ਨਗਰ ਦਾ ਨਾਮ ਗੁਰੂ ਅਰਜਨ ਦੇਵ ਜੀ ਦੇ ਨਾਮ ਉਤੇ ਰੱਖਿਆ ਜਾਵੇ, ਪਰ ਕਰਤਾ-ਪੁਰਖ ਦੇ ਪੁਜਾਰੀ ਗੁਰਦੇਵ ਨੇ ਨਗਰ ਦਾ ਨਾਮ 'ਕਰਤਾਰਪੁਰ' ਰੱਖਿਆ। ਕੁਝ ਸਮਾਂ ਮਹਾਰਾਜ ਏਥੇ ਬਿਰਾਜੇ। ਹਜ਼ੂਰ ਤੋਂ ਪਿਛੋਂ ਛੇਵੇਂ, ਸੱਤਵੇਂ ਤੇ ਨੌਵੇਂ ਗੁਰੂ ਸਾਹਿਬ ਵੀ ਏਥੇ ਟਿਕਦੇ ਰਹੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਧੀਰਮੱਲ ਨੇ ਆਪਣੀ ਰਿਹਾਇਸ਼ ਏਥੇ ਹੀ ਰੱਖੀ। ਉਸਦੀ ਬੰਸ ਅਜੇ ਤੱਕ ਓਥੇ ਹੈ। ਗੁਰੂ ਅਰਜਨ ਦੇਵ ਜੀ ਨੇ ਜੋ ਬੀੜ ਲਿਖਵਾਈ ਸੀ, ਉਹ ਅਜੇ ਤੱਕ ਕਰਤਾਰਪੁਰ ਦੇ ਸੋਢੀਆਂ ਕੋਲ ਹੈ।

**ਛੇਹਰਟਾ ਸਾਹਿਬ** - ਉਸ ਸਮੇਂ ਮਾਝੇ ਵਿਚ ਨਹਿਰਾਂ ਨਹੀਂ ਸੀ। ਖੇਤੀ ਬਾਰਸ਼ ਉਤੇ ਹੀ ਨਿਰਭਰ ਕਰਦੀ ਸੀ ਜਾਂ ਕਿਤੇ ਕੋਈ ਪੁਜਦਾ ਜ਼ਿੰਮੀਦਾਰ ਖੂਹ ਲੁਆ ਲੈਂਦਾ ਸੀ। ਗੁਰਦੇਵ ਨੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ ਵਡਾਲੀ ਨਗਰ ਤੋਂ ਥੋੜ੍ਹੀ ਦੂਰ ਇਕ ਛੇਹਰਟਾ ਖੂਹ ਲੁਆਇਆ, ਜਿੱਥੇ ਅੱਜ-ਕਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਮੌਜੂਦ ਹੈ।

**ਲਾਹੌਰ ਵਿਚ** - ਗੁਰਦੇਵ ਨੇ ਕੁਝ ਹੋਰ ਅਸਥਾਨ ਵੀ ਬਣਵਾਏ। 1656 ਬਿ. ਵਿਚ ਆਪ ਕੁਝ ਸਮਾਂ ਲਾਹੌਰ ਰਹੇ। ਉਥੇ ਆਪ ਨੇ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਤੇ ਡੱਬੀ ਬਾਜ਼ਾਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਇਆ। ਵਾਪਸੀ ਸਮੇਂ ਪਿੰਡ ਸਹਿੰਸਰੇ ਵਿਚ ਮਹਾਰਾਜ ਨੇ ਗੁਰਦੁਆਰਾ 'ਗੁਰੂ ਕਾ ਬਾਗ' ਬਣਵਾਇਆ, ਜਿੱਥੇ ਅਕਾਲੀ ਲਹਿਰ ਸਮੇਂ ਬੜਾ ਪ੍ਰਸਿੱਧ ਮੋਰਚਾ ਲੱਗਾ ਰਿਹਾ।

**ਰਾਮਸਰ ਅੰਮ੍ਰਿਤਸਰ ਵਿਚ** - ਅੰਮ੍ਰਿਤਸਰ ਆ ਕੇ ਗੁਰਦੇਵ ਨੇ 1659-60 ਬਿ. ਵਿਚ 'ਰਾਮਸਰ' ਬਣਵਾਇਆ, ਜਿਸ ਦੇ ਕੰਢੇ ਬਹਿ ਕੇ ਆਪ ਨੇ ਪ੍ਰਸਿੱਧ ਬਾਣੀ 'ਸੁਖਮਨੀ' ਸਾਹਿਬ ਉਚਾਰੀ ਤੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

**ਗੁਰੂ ਜੀ ਦੇ ਵਿਰੋਧੀ** - ਗੁਰੂ ਮਹਾਰਾਜ ਦੇ ਵਿਰੋਧੀ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ। ਇਕ ਸ਼੍ਰੇਣੀ ਜਾਤੀ ਦੁਸ਼ਮਣੀ ਵਾਲਿਆਂ ਦੀ ਸੀ, ਜਿਨ੍ਹਾਂ ਵਿਚੋਂ ਪ੍ਰਿਥੀਆ, ਮੇਹਰਬਾਨ ਤੇ ਚੰਦੂ ਮੋਹਰੀ ਸਨ। ਦੂਸਰੀ ਸ਼੍ਰੇਣੀ ਸੀ ਪੰਡਤਾਂ ਤੇ ਮੌਲਵੀਆਂ ਦੀ। ਉਹ ਧਾਰਮਿਕ ਤੁਅੱਸਬ ਕਰਕੇ ਗੁਰਦੇਵ ਦੇ ਦੁਸ਼ਮਣ ਬਣੇ ਹੋਏ ਸਨ। ਇਹ ਸਾਰੇ ਢੁੱਕਵੇਂ ਸਮੇਂ ਦੀ ਉਡੀਕ ਵਿਚ ਸਨ, ਜਦੋਂ ਉਹ ਗੁਰੂ ਜੀ ਤੋਂ ਬਦਲਾ ਲੈ ਸਕਣ।

**ਖੁਸਰੋ ਦੀ ਬਗ਼ਾਵਤ** - 13 ਅਕਤੂਬਰ 1605 ਈ. (ਅੱਸੂ 1662 ਬਿ.) ਨੂੰ ਅਕਬਰ ਮਰ ਗਿਆ ਤਾਂ ਉਹਦਾ ਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ। ਛੇ ਕੁ ਮਹੀਨੇ ਪਿੱਛੋਂ ਜਹਾਂਗੀਰ ਦੇ ਵੱਡੇ ਸਾਹਿਬਜ਼ਾਦੇ ਖੁਸਰੋ ਨੇ ਬਗ਼ਾਵਤ ਕਰ ਦਿੱਤੀ। ਆਪਣੇ ਸਾਥੀਆਂ ਸਮੇਤ ਉਹ ਪੰਜਾਬ ਵੱਲ ਵਧਿਆ, ਮਗਰੇ ਜਹਾਂਗੀਰ ਫ਼ੌਜ ਲੈ ਕੇ ਲੱਗ ਤੁਰਿਆ। ਖੁਸਰੋ ਦਾ ਇਰਾਦਾ ਲਾਹੌਰ ਉਤੇ ਕਬਜ਼ਾ ਕਰਕੇ ਕਿਲ੍ਹੇ ਵਿਚ ਬਹਿ ਕੇ ਟਾਕਰਾ ਕਰਨ ਦਾ ਸੀ। ਪਰ ਉਹ ਆਪਣੇ ਮਨੋਰਥ ਵਿਚ ਸਫ਼ਲ ਨਾ ਹੋ ਸਕਿਆ। ਕੁਝ ਭਰੋਸੇਯੋਗ ਸਾਥੀ ਨਾਲ ਲੈ ਕੇ ਖੁਸਰੋ ਕਾਬਲ ਵੱਲ ਨੂੰ ਨੱਸਿਆ ਪਰ ਝਨ੍ਹਾਂ ਪਾਰ ਕਰਨ ਲੱਗਿਆਂ ਉਹ ਪਕੜਿਆ ਗਿਆ। ਏਨੇ ਤੱਕ ਜਹਾਂਗੀਰ ਲਾਹੌਰ ਪੁੱਜ ਗਿਆ ਸੀ। ਖੁਸਰੋ ਤੇ ਉਸਦੇ ਸਾਥੀ ਕੈਦੀਆਂ ਦੀ ਹੈਸੀਅਤ ਵਿਚ ਲਾਹੌਰ ਲਿਆਂਦੇ ਗਏ। ਖੁਸਰੋ ਉਸਦਾ ਪੁੱਤਰ ਸੀ, ਇਸ ਕਰਕੇ ਉਸਨੂੰ ਨਜ਼ਰਬੰਦ ਰਖਿਆ ਗਿਆ, ਪਰ ਉਹਦੇ ਸਾਰੇ ਹੀ ਸਾਥੀ ਤਸੀਹੇ ਦੇ ਕੇ ਕਤਲ ਕਰ ਦਿੱਤੇ ਗਏ। ਹੁਸੈਨ ਬੇਗ ਤੇ ਅਬਦੁੱਲ ਅਜ਼ੀਜ਼ ਆਦਿ ਕੁਝ ਸਿਰ-ਕੱਢ ਸਾਥੀਆਂ ਨੂੰ ਖੋਤੇ ਤੇ ਗਊ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਮਾਰਿਆ ਗਿਆ। ਖੁਸਰੋ ਦਾ ਟਾਕਰਾ ਕਰਨ ਵਾਲਿਆਂ ਨੂੰ ਜਗੀਰਾਂ ਤੇ ਖ਼ਿਤਾਬ ਵੀ ਦਿੱਤੇ ਗਏ। ਸ਼ੇਖ ਫ਼ਰੀਦ ਬੁਖਾਰੀ ਨੂੰ ਮੁਰਤਜ਼ਾ ਖਾਨ ਦਾ ਖਿਤਾਬ ਦਿੱਤਾ ਗਿਆ।

**ਗੁਰੂ ਜੀ ਦੇ ਵਿਰੁੱਧ ਸ਼ਿਕਾਇਤ** - ਬਾਦਸ਼ਾਹ ਪਹਿਲੀ ਜ਼ੀਅਲ ਹੱਜ (20 ਮਾਰਚ ਤੋਂ 9 ਮੁਹੱਰਮ 1015 ਹਿਜਰੀ ਲਗਭਗ 27 ਅਪ੍ਰੈਲ 1605 ਈ.) ਤੱਕ 39 ਦਿਨ ਲਾਹੌਰ ਰਿਹਾ। ਉਹ ਲਾਹੌਰ ਤੋਂ ਤੁਰਨ ਵਾਲਾ ਸੀ ਜਾਂ ਉਸਦੇ ਸਾਹਮਣੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਸ਼ਿਕਾਇਤ ਹੋਈ ਕਿ ਗੁਰੂ ਮਹਾਰਾਜ ਨੇ ਬਾਗ਼ੀ ਖੁਸਰੋ ਦੀ ਮੱਦਦ ਕੀਤੀ ਹੈ, ਜਹਾਂਗੀਰ ਨੇ ਓਸੇ ਵੇਲੇ ਗੁਰਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

**ਜਹਾਂਗੀਰ ਦਾ ਹੁਕਮ** - ਜਹਾਂਗੀਰ ਨਵਾਂ-ਨਵਾਂ ਤਖ਼ਤ ਤੇ ਬੈਠਾ ਸੀ। ਉਹ ਕੱਟੜ ਮੁਲਾਣਿਆਂ ਨੂੰ ਖੁਸ਼ ਕਰਨ ਵਾਸਤੇ ਗ਼ੈਰ-ਮੁਸਲਮਾਨ ਉਤੇ ਵੱਧ ਤੋਂ ਵੱਧ ਜ਼ੁਲਮ ਕਰਨਾ ਚਾਹੁੰਦਾ ਸੀ ਕਿ ਉਹ ਪੱਕਾ ਮੁਸਲਮਾਨ ਤੇ ਇਸਲਾਮ ਦਾ ਵਫ਼ਾਦਾਰ ਹੈ। ਇੱਕੋ ਕਿਸਮ ਦੀ ਸ਼ਿਕਾਇਤ ਬਦਲੇ ਮੁਸਲਮਾਨ ਤੇ ਗ਼ੈਰ-ਮੁਸਲਮਾਨ ਨੂੰ ਉਹ ਵੱਖ-ਵੱਖ ਸਜ਼ਾ ਦੇਂਦਾ ਹੈ। ਮਿਸਾਲ ਵਜੋਂ ਗੁਰੂ ਅਰਜਨ

ਦੇਵ ਜੀ ਤੇ ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਦੀ ਕਹਾਣੀ ਸਾਡੇ ਸਾਹਮਣੇ ਹੈ।

ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਬਾਗ਼ੀ ਖੁਸਰੋ ਨੂੰ ਮਿਲਿਆ ਤੇ ਉਹਨੇ ਸ਼ਾਹਜ਼ਾਦੇ ਦੇ ਹੱਕ ਵਿਚ ਦੁਆ ਕੀਤੀ। ਬਾਦਸ਼ਾਹ ਨੂੰ ਪਤਾ ਲੱਗਾ ਤਾਂ ਖ਼ਵਾਜਾ ਨੂੰ ਪਕੜ ਮੰਗਵਾਇਆ ਗਿਆ। ਬਾਦਸ਼ਾਹ ਆਪ ਮੰਨਦਾ ਹੈ ਕਿ ਮੈਂ ਉਸਨੂੰ ਸਫ਼ਰ ਖਰਚ ਦੇ ਕੇ ਮੱਕੇ ਦੇ ਹੱਜ ਨੂੰ ਤੋਰ ਦਿੱਤਾ। ਭਾਵ ਜਿਸ ਸ਼ਿਕਾਇਤ ਬਦਲੇ ਇਕ ਮੁਸਲਮਾਨ ਫ਼ਕੀਰ ਨੂੰ ਸਿਰਫ਼ ਭਾਰਤ ਵਿਚੋਂ ਕੱਢ ਦੇਣਾ ਹੀ ਕਾਫੀ ਸਮਝਿਆ, ਓਸੇ ਸ਼ਿਕਾਇਤ ਬਦਲੇ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇਹ ਹੈ, 'ਜਹਾਂਗੀਰੀ ਇਨਸਾਫ਼' ਜਿਸਦੀ ਕੁਛ ਲੋਕ ਦੁਹਾਈ ਦੇਂਦੇ ਨਹੀਂ ਥੱਕਦੇ।

**ਗੁਰੂ ਜੀ ਦਾ ਅਸਲੀ ਕਾਤਲ ਕੌਣ?** - ਅਧੂਰੀ ਖੋਜ ਦੇ ਕਾਰਨ, ਕੁਝ ਲੋਕ ਕੇਵਲ ਚੰਦੂ ਨੂੰ ਹੀ ਗੁਨਾਹਗਾਰ ਮੰਨਦੇ ਹਨ। ਇਹ ਮੰਨਣਯੋਗ ਗੱਲ ਹੈ ਕਿ ਗੁਰਦੇਵ ਦੇ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਵਿਚ ਚੰਦੂ ਮੋਹਰੀ ਹੋਵੇਗਾ। ਸ਼ਿਕਾਇਤ ਕਰਨ ਵਾਲੇ ਹੋ ਸਕਦੇ ਹਨ, ਮੌਲਵੀ, ਪੰਡਤ, ਪ੍ਰਿਥੀਆ ਤੇ ਚੰਦੂ। ਸਰਕਾਰੀ ਕਰਮਚਾਰੀ ਹੋਣ ਕਰਕੇ ਚੰਦੂ ਦਾ ਅਸਰ ਵਧੇਰੇ ਹੋ ਸਕਦਾ ਹੈ। ਗੁਰਦੇਵ ਨੂੰ ਤਸੀਹੇ ਦੇਣ ਵਿਚ ਵੀ ਚੰਦੂ ਦਾ ਹੱਥ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਜਹਾਂਗੀਰ ਇਸ ਪਾਪ ਤੋਂ ਬਰੀ ਨਹੀਂ ਹੋ ਸਕਦਾ। ਉਸਦੀ ਆਪਣੀ ਲਿਖਤ ਉਹਦੇ ਵਿਰੁੱਧ ਸਭ ਤੋਂ ਵੱਡੀ ਗਵਾਹੀ ਹੈ।

'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ – 'ਦਰਿਆ ਬਿਆਸ ਦੇ ਕਿਨਾਰੇ, ਗੋਇੰਦਵਾਲ ਵਿਚ ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਤੇ ਤਰੀਕਿਆਂ ਦਾ ਸ਼ਰਧਾਲੂ ਬਣਾ ਕੇ ਆਪਣੀ ਬਜ਼ੁਰਗੀ ਤੇ ਪੀਰੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕ ਉਸ ਪਾਸ ਆਉਂਦੇ ਤੇ ਉਸ ਉਤੇ ਪੂਰਨ ਭਰੋਸਾ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। (ਚੱਲ ਰਹੀ ਸੀ) ਢੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆ ਰਿਹਾ ਸੀ, ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼੍ਹਬ ਵਿਚ ਲੈ ਆਉਣਾ ਚਾਹੀਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਦਰਿਆ ਪਾਰ ਹੋਇਆ। ਇਸ ਜਾਹਿਲ ਆਦਮੀ ਨੇ ਇਰਾਦਾ ਕੀਤਾ, ਉਹ ਉਸਦੇ ਨੇੜੇ ਰਹੇ। ਇਹ ਉਸਨੂੰ ਮਿਲਿਆ ਤੇ ਕੇਸਰ ਦੀ ਉਕ ਉਂਗਲੀ ਉਸਦੇ ਮੱਥੇ ਤੇ ਲਾਈ ਜਿਸਨੂੰ ਹਿੰਦੂ ਲੋਕ ਤਿਲਕ ਲਾਉਣਾ ਕਹਿੰਦੇ ਹਨ ਤੇ ਇਸਨੂੰ ਚੰਗਾ ਸ਼ਗਨ ਮੰਨਦੇ ਹਨ। ਮੈਂ ਹੁਕਮ ਦਿੱਤਾ ਕਿ ਉਸ ਦਾ ਮਾਲ ਅਸਬਾਬ ਜ਼ਬਤ ਕੀਤਾ ਜਾਵੇ ਤੇ ਉਸਨੂੰ ਯਾਸਾ ਦੇ ਕਾਨੂੰਨ ਅਧੀਨ ਸਜ਼ਾ ਦਿੱਤੀ ਜਾਵੇ ਇਸਨੂੰ ਡਰਾਉਣ-ਧਮਕਾਉਣ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦਿੱਤਾ ਤੇ ਮੁਰਤਜਾ ਖਾਨ ਨੂੰ ਇਸ 'ਤੇ ਛੇਤੀ ਅਮਲ ਕਰਨ ਲਈ ਕਿਹਾ ਇਸ ਲਿਖਤ ਦੇ ਹੁੰਦਿਆਂ ਕੌਣ ਕਹਿ ਸਕਦਾ ਹੈ ਕਿ ਜਹਾਂਗੀਰ ਨਿਰਦੋਸ਼ ਹੈ।

ਆਪਣਾ ਧਰਮ ਨਿਭਾਉਂਦੇ ਹੋਏ ਗੁਰੂ ਅਰਜਨ ਦੇਵ ਜੀ ਸ਼ੁਕਰਵਾਰ, ਜੇਠ ਸੁਦੀ ਚਾਰ, ਦੋ ਹਾੜ 1663 ਬਿ. (30 ਮਈ, 1606 ਈ.) ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਆਪ 18 ਸਾਲ 4 ਮਹੀਨੇ, 14 ਦਿਨ ਦੀ ਉਮਰ ਵਿਚ ਗੁਰਗੱਦੀ ਉਤੇ ਬੈਠੇ ਸਨ। 24 ਸਾਲ 9 ਮਹੀਨੇ ਗੁਰਿਆਈ ਕਰਕੇ, ਜੇਠ ਸੁਦੀ ਚਾਰ ਨੂੰ ਆਪ ਲਾਹੌਰ ਵਿਚ ਸ਼ਹੀਦ ਹੋਏ। ਆਪ ਜੀ ਨੇ ਕੁੱਲ ਉਮਰ 43 ਸਾਲ, 1 ਮਹੀਨੇ ਤੇ ਪੰਦਰਾਂ ਦਿਨ ਮਾਣੀ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਹਮ ਦੋਸਾਂ ਦਾ ਕਿਆ ਹਾਲ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਫਰੀਦਾ ਦਰਿ ਦਰਵਾਜੈ ਜਾਇਕੈ ਕਿਉ ਡਿਠੋ ਘੜੀਆਲੁ॥**
**ਹੁ ਨਿਦੋਸ਼ਾ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥**

**(ਸਲੋਕ ਫਰੀਦ ਪੰਨਾ 1379)**

ਪੁੰਨੀ ਪਾਪੀ, ਭਲਾ ਬੁਰਾ, ਚੰਗਾ ਮੰਦਾ, ਅਸੀਂ ਕਿਸ ਨੂੰ ਕਹਿੰਦੇ ਹਾਂ ਇਹ ਸਾਰੇ ਅਵਗੁਣ ਤੇ ਗੁਣ ਮਨੁੱਖ ਨਾਲ ਜੁੜੇ ਹੋਏ ਹਨ। ਮਨੁੱਖਾ ਸਮਾਜ ਵਿੱਚ ਜਿਸ ਤੇ ਦੋਸ਼ ਲਗ ਗਏ ਸਾਬਤ ਹੋ ਗਏ ਉਹ ਪਾਪੀ ਹੈ ਬੁਰਾ ਹੈ ਮੰਦਾ ਹੈ। ਜਿਹੜਾ ਮਨੁੱਖ ਨਿਰਦੋਸ਼ ਹੈ ਜਿਸ ਤੇ ਕੋਈ ਇਲਜ਼ਾਮ ਨਹੀਂ ਉਹ ਪੁੰਨੀ ਹੈ, ਭਲਾ ਹੈ, ਚੰਗਾ ਹੈ। ਭਲੇ ਨੂੰ, ਨਿਰਦੋਸ਼ ਬੰਦੇ ਨੂੰ ਸਮਾਜ ਆਦਰ ਦਿੰਦਾ ਹੈ ਪਰ ਦੋਸ਼ੀ ਬੰਦੇ ਤੋਂ ਮਨੁੱਖਾ ਸਮਾਜ ਨਫਰਤ ਕਰਦਾ ਹੈ। ਇਹੀ ਕਾਰਨ ਹੈ ਕਿ ਕੋਈ ਬੰਦਾ ਵੀ ਨਹੀਂ ਚਾਹੁੰਦਾ ਕਿ ਮੇਰੇ ਤੇ ਦੋਸ਼ ਲਗੇ ਏਥੋਂ ਤੱਕ ਕਿ ਜਿਹੜੇ ਬੰਦੇ ਦੋਸ਼ੀ ਹਨ, ਜਿਨ੍ਹਾਂ ਨੇ ਗੁਨਾਹ ਕੀਤਾ ਹੈ ਉਹ ਵੀ ਨਹੀਂ ਚਾਹੁੰਦੇ ਮੇਰੇ ਤੇ ਦੋਸ਼ ਸਾਬਤ ਹੋਵੇ। ਉਹ ਵੀ ਚੰਗਾ ਵਕੀਲ ਲਭਦੇ ਹਨ ਮੁਕੱਦਮਾ ਲੜਦੇ ਹਨ ਕਿ ਕਿਸੇ ਤਰ੍ਹਾਂ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰ ਦੇਈਏ।



ਮੇਰੇ ਤੇ ਕੋਈ ਦੋਸ਼ ਲਗੇ ਇਸ ਲਈ ਤਾਂ ਕੋਈ ਵੀ ਸਹਿਮਤ ਨਹੀਂ ਦੂਸਰੇ ਤੇ ਦੋਸ਼ ਲਗੇ ਇਸ ਲਈ ਬੰਦਾ ਸਹਿਮਤ ਹੋ ਜਾਂਦਾ ਹੈ। ਐਸਾ ਵੇਖਣ ਵਿੱਚ ਆਇਆ ਹੈ ਕਿ ਜਿਹੜੇ ਬੰਦਾ ਜਦੋਂ ਆਪਣੇ ਤੇ ਇਲਜ਼ਾਮ ਆਵੇ ਤਾਂ ਰੋਂਦਾ ਹੈ, ਮਰਨ ਮਾਰਨ ਵਾਸਤੇ ਤਿਆਰ ਹੋ ਜਾਂਦਾ ਹੈ। ਉਹੀ ਦੋਸ਼ ਜਦੋਂ ਕਿਸੇ ਦੂਸਰੇ ਤੇ ਲਗਦਾ ਹੈ ਤਾਂ ਉਹੀ ਬੰਦਾ ਖੁਸ਼ ਹੁੰਦਾ ਹੈ ਅਤੇ ਆਪ ਬੜਾ ਸਦਾਚਾਰੀ ਬਣਕੇ ਦੂਸਰੇ ਦੇ ਦੋਸ਼ ਦਾ ਵਰਨਣ ਕਰਦਾ ਹੈ ਅਤੇ ਸਾਬਤ ਕਰਨ ਦਾ ਜਤਨ ਕਰਦਾ ਹੈ ਕਿ ਇਹ ਦੋਸ਼ ਬਿਲਕੁਲ ਠੀਕ ਹੈ।

ਜਿਹੜਾ ਬੰਦਾ ਆਪਣੇ ਤੇ ਲਗੇ ਦੋਸ਼ ਤੇ ਰੋਂਦਾ ਹੈ ਅਤੇ ਦੂਸਰੇ ਤੇ ਲਗੇ ਦੋਸ਼ ਤੇ ਹੱਸਦਾ ਹੈ ਐਸਾ ਬੰਦਾ ਅਧਰਮੀ ਹੈ। ਪਰ ਜਿਹੜਾ ਬੰਦਾ ਆਪਣੇ ਤੇ ਲਗੇ ਦੋਸ਼ ਨੂੰ ਪ੍ਰਵਾਨ ਕਰਦਾ ਹੈ ਅਤੇ ਕਿਸੇ ਤੇ ਲਗੇ ਦੋਸ਼ ਤੇ ਰੋਂਦਾ ਹੈ ਉਹ ਬੰਦਾ ਸੱਚਾ ਧਰਮੀ ਹੈ। ਧਰਮੀ ਬੰਦਾ ਹੀ ਨਿਸ਼ੰਗ ਹੋ ਕੇ ਇਹ ਬਚਨ ਕਹਿ ਸਕਦਾ ਹੈ -

**ਦਦੈ ਦੋਸੁ ਨ ਦੇਊ ਕਿਸੈ ਦੋਸ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥**

**(ਆਸਾ ਮ. ੧ ਪੰਨਾ ੪੩੩)**

ਧਰਮੀ ਬੰਦਾ ਕਿਸੇ ਨੂੰ ਏਨਾ ਦੋਸ਼ ਵੀ ਨਹੀਂ ਦਿੰਦਾ ਕਿ ਇਸ ਨੇ ਮੇਰੇ ਤੇ ਝੂਠਾ ਦੋਸ਼ ਲਾਇਆ ਹੈ। ਸੰਸਾਰ ਦੇ ਮਹਾਂਪੁਰਖਾਂ ਤੇ ਝੂਠੇ ਦੋਸ਼ ਲਾ ਕੇ ਉਨ੍ਹਾਂ ਨੂੰ ਬੇਰਹਿਮੀ ਨਾਲ ਮਾਰ ਵੀ ਦਿੱਤਾ ਗਿਆ। ਕਿਸੇ ਨੂੰ ਸੂਲੀ ਤੇ ਚੜ੍ਹਾ ਦਿੱਤਾ ਕਿਸੇ ਨੂੰ ਜ਼ਹਿਰ ਦੇ ਦਿੱਤਾ। ਕਿਸੇ ਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ ਅਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਲੋਹ ਤੇ ਬਿਠਾ ਕੇ ਸ਼ਹੀਦ ਕਰ ਦਿੱਤਾ। ਪਰ ਸਾਰੇ ਸਤਪੁਰਸ਼ਾਂ ਨੇ ਇਕ ਗੱਲ ਹੀ ਕਹੀ ਕਿ ਇਨ੍ਹਾਂ ਦਾ ਦੋਸ਼ ਨਹੀਂ। ਕਿਸੇ ਕਿਹਾ ਇਹ ਅਗਿਆਨਤਾ ਵਿੱਚ ਕਰ ਰਹੇ ਹਨ। ਕਿਸੇ ਕਿਹਾ ਇਹ ਪ੍ਰਮਾਤਮਾ ਦੀ ਰਜ਼ਾ ਹੈ ਇਹ ਤਾਂ ਮੇਰਾ ਇਮਤਿਹਾਨ ਹੈ। ਪਰ ਦੋਸ਼ ਦੋਸ਼ੀਆਂ ਨੂੰ ਨਹੀਂ ਦਿੱਤਾ। ਧਰਮੀ ਬੰਦਾ ਮੰਨਦਾ ਹੈ ਕਿ ਜੇ ਮੈਂ ਦੋਸ਼ ਦੂਸਰੇ ਨੂੰ ਹੀ ਦਿੰਦਾ ਰਿਹਾ ਤਾਂ ਆਪਣੇ ਦੋਸ਼ ਮੁਕਾਉਣ ਦਾ ਸਮਾਂ ਗਵਾ ਬੈਠਾਂਗਾ। ਧਰਮੀ ਬੰਦਾ ਦੋਸ਼ ਲੁਕਾਉਂਦਾ ਨਹੀਂ ਮੁਕਾਉਂਦਾ ਹੈ। ਅਧਰਮੀ ਬੰਦਾ ਦੋਸ਼ ਲੁਕਾਉਂਦਾ ਹੈ ਅੰਦਰ ਸਟੋਰ ਭਰ ਜਾਂਦਾ ਹੈ ਦੋਸ਼ ਹੁੰਦੇ ਹਨ ਪਰ ਲੁੱਕੇ ਹੁੰਦੇ ਹਨ। ਪਰ ਧਰਮੀ ਬੰਦਾ ਦੋਸ਼ ਮੁਕਾ ਕੇ ਨਿਰਦੋਸ਼ ਹੁੰਦਾ ਹੈ।

ਸੰਸਾਰ ਵਿੱਚ ਅਸੀਂ ਇਕ ਹੋਰ ਅਜੀਬ ਹੀ ਤਮਾਸ਼ਾ ਵੇਖਦੇ ਹਾਂ ਕਿ ਕਈ ਵਾਰ ਦੋਸ਼ੀ ਬਚ ਜਾਂਦੇ ਹਨ ਅਤੇ ਨਿਰਦੋਸ਼ ਬੰਦੇ ਫਸ ਜਾਂਦੇ ਹਨ ਅਤੇ ਸਜ਼ਾ ਭੁਗਤਣੀ ਪੈਂਦੀ ਹੈ। ਇਸ ਦਾਕਾਰਨ ਇਕ ਅਦੀਬ

ਬੜਾ ਮਿਣ ਤੋਲ ਕੇ ਲਿਖਦੇ ਹਨ –

**ਵੋਹੀ ਕਾਤਿਲ, ਵੋਹੀ ਸ਼ਾਹਿਦ, ਵੋਹੀ ਮੁਨਸੱਫ ਠਹਿਰੇ॥**
**ਅਕਰਬਾਂ ਮੇਰੇ, ਕਰੇਂ ਖ਼ੂਨ ਕਾ ਦਾਅਵਾ ਕਿਸ ਪਰ॥**

ਜਥੇ ਹਰ ਬੰਦਾ ਮਾਇਆ ਤੋਂ ਵਿਕ ਜਾਂਦਾ ਹੋਵੇ, ਉਥੇ ਇਨਸਾਫ਼ ਵੀ ਵਿਕ ਜਾਂਦਾ ਹੈ। ਜਿਸ ਕੋਲ ਧਨ ਜ਼ਿਆਦਾ ਹੋਵੇ ਉਹ ਇਨਸਾਫ ਖਰੀਦ ਲੈਂਦਾ ਹੈ। ਗਰੀਬ ਹਾਰ ਜਾਂਦਾ ਹੈ ਅਮੀਰ ਜਿੱਤ ਜਾਂਦਾ ਹੈ। ਕਿਉਂਕਿ ਗਰੀਬ ਕੋਲ ਇਨਸਾਫ ਖਰੀਦਣ ਵਾਸਤੇ ਪੈਸੇ ਨਹੀਂ ਅਮੀਰ ਪਾਸ ਪੈਸਾ ਹੈ। ਇਸ ਲਈ ਇਨਸਾਫ ਅਮੀਰ ਦੇ ਹਿੱਸੇ ਹੀ ਆਉਂਦਾ ਹੈ। ਅਸੀਂ ਇਸ ਭੁਲੇਖੇ ਵਿੱਚ ਨਹੀਂ ਰਹਿਣਾ ਕਿ ਵੱਡੇ-ਵੱਡੇ ਸ਼ਕਤੀਸ਼ਾਲੀ ਲੀਡਰ, ਮੁਖੀ ਲੀਡਰ ਜੋ ਦੇਸ਼ ਦਾ ਥੰਮ੍ਹ ਸਮਝੇ ਜਾਂਦੇ ਹਨ ਉਨ੍ਹਾਂ ਨੂੰ ਵੀ ਅਦਾਲਤ ਦੇ ਕਟਹਿਰੇ ਵਿੱਚ ਖੜ੍ਹਾ ਹੋਣਾ ਪੈ ਰਿਹਾ ਹੈ ਤਾਂ ਫਿਰ ਇਹ ਠੀਕ ਇਨਸਾਫ ਹੋ ਰਿਹਾ ਹੈ। ਨਹੀਂ ਅਸਲ ਗੱਲ ਕੁਛ ਹੋਰ ਹੀ ਹੁੰਦੀ ਹੈ ਪਹਿਲੇ ਨੇਤਾ ਨਾਲੋਂ ਜਦੋਂ ਦੂਸਰਾ ਸ਼ਕਤੀਸ਼ਾਲੀ ਆ ਜਾਂਦੀ ਹੈ ਤਾਂ ਉਸ ਦੇ ਕਾਰਨ ਪਹਿਲੇ ਨੂੰ ਇਹ ਦਿਨ ਵੇਖਣੇ ਪੈਂਦੇ ਹਨ। ਇਸ ਦਾ ਕਾਰਨ ਵੀ ਇਹੀ ਹੈ ਕਿ ਇਹ ਗਰੀਬ ਹੋ ਗਿਆ ਹੈ। ਇਸ ਤੋਂ ਅਮੀਰ ਗੱਦੀ ਤੇ ਆ ਗਿਆ ਹੈ। ਗੱਦੀ ਤੇ ਹੁੰਦਿਆਂ, ਪਾਵਰ ਵਿੱਚ ਹੁੰਦਿਆਂ ਕਿਹੜੇ ਨੇਤਾ ਨੂੰ ਅਦਾਲਤ ਦੇ ਕਟਹਿਰੇ ਵਿੱਚ ਖੜ੍ਹਾ ਹੋਣਾ ਪੈਂਦਾ ਹੈ ਇੰਜ ਜਾਪਦਾ ਹੈ। ਅਮੀਰ ਕਾਨੂੰਨ ਬਣਾਉਂਦੇ ਹਨ ਮੰਨਦੇ ਨਹੀਂ ਗਰੀਬ ਹੀ ਕਾਨੂੰਨ ਮੰਨਦੇ ਹਨ। ਵੱਡੇ ਚਾਰ ਗੱਦੀਆਂ ਤੇ ਬੈਠਦੇ ਹਨ ਛੋਟੇ ਚੋਰ ਜੇਲ੍ਹਾਂ ਵਿੱਚ ਬੰਦ ਹੁੰਦੇ ਹਨ। ਬਾਬਾ ਫਰੀਦ ਜੀ ਸਾਨੂੰ ਸੁਚੇਦ ਕਰਦੇ ਹਨ ਕਿ ਹੇ ਸੱਜਣ ਵੇਖ ਦੁਨੀਆਂ ਵਿੱਚ ਬੇਇਨਸਾਫੀ ਹੈ। ਇਥੋਂ ਦੇ ਮੁਨਕਰ ਨਕੀਰ ਅਜ਼ਰਾਈਲ ਚਿਥਰ ਗੁਪਤ ਧਰਮ ਰਾਜ, ਕਹਿਣ ਤੋਂ ਭਾਵ ਹੈ ਕਿ ਮੁਦਈ ਗਵਾਹ ਹਾਕਮ ਸਭ ਵਿਕ ਜਾਂਦੇ ਹਨ। ਪਰ ਪ੍ਰਮਾਤਮਾ ਦੇ ਦਰ ਤੇ ਨਿਆਂ ਸੱਚਾ ਹੈ ਉਥੇ ਨਾ ਮਲਕਲ ਮੌਤ ਵਿਕਦੀ ਹੈ ਨਾ ਧਰਮਰਾਜ ਵਿਕਦਾ ਹੈ। ਇਥੇ ਬੇਦੋਸ਼ਿਆਂ ਨੂੰ ਮਾਰ ਪੈਂਦੀ ਹੈ ਪ੍ਰਮਾਤਮਾ ਦੇ ਦਰ ਤੇ ਬੇਦੋਸ਼ੇ ਨੂੰ ਮਾਰ ਨਹੀਂ ਪੈਂਦੀ। ਬਾਬਾ ਫਰੀਦ ਜੀ ਦੇ ਕਹਿਣ ਦਾ ਭਾਵ ਹੈ ਕਿ ਜਿਹੜੇ ਦੋਸ਼ ਕਰਦੇ ਹਨ ਉਨ੍ਹਾਂ ਨੇ ਕਦੀ ਸੋਚਿਆ ਹੈ ਕਿ ਉਨ੍ਹਾਂ ਦਾ ਕੀ ਹਾਲ ਹੋਵੇਗਾ। ਸਭ ਤੋਂ ਵੱਡਾ ਹੈ ਜਾਂ ਛੋਟਾ। ਦੋਸ਼ ਲਾਉਣ ਦੀ ਰੁਚੀ ਬਹੁਤ ਬੁਰੀ ਹੈ। ਦੋਸ਼ ਨਾਲ ਬੰਦੇ ਦਾ ਮਨ ਸਹਿਮਤ ਹੈ ਨਿਰਦੋਸ਼ ਅਵਸਥਾ ਨਾਲ ਮਨ ਸਹਿਮਤ ਨਹੀਂ। ਇਹੀ ਕਾਰਨ ਹੈ ਕਿ ਸੰਸਾਰ ਦੋਸ਼ਾਂ ਨਾਲ ਭਰਿਆ ਪਿਆ ਹੈ। ਅੱਜ ਅਸੀਂ ਰਾਜਨੀਤਕ ਹਾਲਾਤ ਅਖਬਾਰਾਂ ਵਿੱਚੋਂ ਪੜ੍ਹਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਹਜ਼ਾਰਾਂ ਦਿਮਾਗ ਇਕ ਦੂਸਰੇ ਤੇ ਦੋਸ਼ ਅਰੋਪਨ ਲਈ ਲਗੇ ਹੋਏ ਹਨ। ਜਿਹੜਾ ਦਿਮਾਗ ਦੋਸ਼ ਅਰੋਪਨ ਦੀ ਆਦਤ ਬਣਾ ਲਵੇ ਉਸ ਦਿਮਾਗ ਵਿੱਚੋਂ ਕੋਈ ਉਸਾਰੂ ਤੇ ਦੂਸਰੇ ਦੇ ਭਲੇ ਦੀ ਵੀਚਾਰ ਨਹੀਂ ਨਿਕਲ ਸਕਦੀ। ਰਾਜਨੀਤਕ ਦੁਨੀਆਂ ਵਿੱਚ ਤਾਂ ਐਸਾ ਹੈ ਹੀ ਸਮਾਜ ਸੇਵਕ ਵੀ ਇਹੋ ਕੁਛ ਕਰ ਰਹੇ ਹਨ। ਇਕ ਭਲਾ ਕਰਦਾ ਵੀ ਹੈ ਤਾਂ ਦੂਸਰਾ ਰਸਤੇ ਵਿੱਚ ਰੋੜਾ ਬਣ ਜਾਂਦਾ ਹੈ। ਧਾਰਮਿਕ ਸੰਸਥਾਵਾਂ ਇਕ ਪਵਿੱਤਰ ਸੋਮੇ ਵਾਂਗੂੰ ਹੁੰਦੀਆਂ ਹਨ ਜਿਨ੍ਹਾਂ ਵਿੱਚ ਨਾਮ ਜਪਣ ਦੀ ਪਵਿੱਤਰ ਸਿਖਿਆ ਮਿਲਦੀ ਹੈ ਤੇ ਜੀਵਨ ਪਵਿੱਤਰ ਹੁੰਦਾ ਹੈ। ਪਰ ਉਨ੍ਹਾਂ ਸੰਸਥਾਵਾਂ ਵਿੱਚ ਵੀ ਇਕ ਦੂਸਰੇ ਤੇ ਚੋਰੀ ਦੇ ਦੋਸ਼, ਕਿਤੇ ਗੋਲਕ ਚੋਰੀ ਦੇ, ਕਿਤੇ ਸੋਨਾ ਚੋਰੀ ਦੇ, ਕਿਤੇ ਪੈਸੇ ਦਾ ਗ਼ਬਨ। ਕੋਈ ਜੀਵਨ ਦਾ ਸੋਮਾ ਬਚਿਆ ਨਹੀਂ ਜਾਪਦਾ ਜਿਥੋਂ ਪਵਿੱਤਰ ਜਲ ਮਿਲ ਸਕੇ, ਜਿਸ ਸੋਮੇ ਵਿੱਚ ਦੋਸ਼ ਦਾ ਜ਼ਹਿਰ ਨਾ ਘੋਲਿਆ ਗਿਆ ਹੋਵੇ।

ਦੋ ਦ੍ਰਿਸ਼ਟੀਆਂ ਹਨ ਇਕ ਨਾਲ ਤਾਂ ਹਰ ਥਾਂ ਦੋਸ਼ ਹੀ ਨਜ਼ਰ ਆਉਣਗੇ। ਜੈਸੀ ਕਿ ਦੁਯੋਧਨ ਦੀ ਦ੍ਰਿਸ਼ਟੀ ਸੀ। ਇਸ ਨੂੰ ਸੰਸਾਰ ਵਿੱਚੋਂ ਕੋਈ ਭਲਾ ਬੰਦਾ ਨਹੀਂ ਸੀ ਲੱਭਾ। ਇਕ ਦ੍ਰਿਸ਼ਟੀ ਯੁਧਿਸ਼ਟਰ ਦੀ ਸੀ ਉਸ ਨੂੰ ਸੰਸਾਰ ਵਿਚੋਂ ਕੋਈ ਬੁਰਾ ਬੰਦਾ ਨਹੀਂ ਸੀ ਲਭਾ। ਬਾਬਾ ਫਰੀਦ ਜੀ ਕਹਿੰਦੇ ਹਨ ਮੰਨਿਆ ਕਿ ਜਿਸ ਤੇ ਤੂੰ ਦੋਸ਼ ਥੱਪ ਦਿੱਤਾ ਹੈ ਉਸ ਨੂੰ ਬੜੀ ਮਾਰ ਪਈ ਅਤੇ ਬੇਦੋਸ਼ੇ ਨੂੰ ਪਈ। ਜਿਵੇਂ ਕਿ ਘੜਿਆਲ ਦਾ ਕੋਈ ਦੋਸ਼ ਨਹੀਂ ਘੜੀ-ਘੜੀ ਪਿਛੋਂ ਇਕ ਚੋਟ ਵਜਦੀ ਹੈ। ਕਿਸੇ ਤੇ ਦੋਸ਼ ਅਰੋਪਣ ਨਾਲ ਉਸ ਨੂੰ ਚੋਟਾਂ ਵੱਜ ਸਕਦੀਆਂ ਹਨ।

ਪੂਰਨ ਭਗਤ ਤੇ ਝੂਠਾ ਦੋਸ਼ ਲੱਗਣ ਤੇ ਉਸ ਦੇ ਹੱਥ ਪੈਰ ਕੱਟੇ ਜਾ ਸਕਦੇ ਹਨ। ਸਾਰੰਗ ਦੇ ਪੁੱਤਰ ਅਸਰਾਜ ਤੇ ਝੂਠਾ ਦੋਸ਼ ਲੱਗਣ ਨਾਲ ਉਹ ਟੁੰਡਾ ਅਸਰਾਜ ਹੋ ਸਕਦਾ ਹੈ, ਉਸ ਦਾ ਹੱਥ ਕੱਟਿਆ ਜਾ ਸਕਦਾ ਹੈ। ਅਨੇਕਾਂ ਬਦਕਿਸਮਤ ਔਰਤਾਂ ਤੇ ਝੂਠੇ ਦੋਸ਼ ਲਾ ਕੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਕਿੰਨੇ ਕੁ ਬੇਦੋਸ਼ਿਆਂ ਨੇ ਘੜਿਆਲ ਵਾਂਗੂੰ ਮਾਰ ਖਾਧੀ ਹੈ ਕੋਈ ਗਿਣਤੀ ਨਹੀਂ ਹੋ ਸਕਦੀ। ਬਾਬਾ ਫਰੀਦ ਜੀ ਕਹਿੰਦੇ ਹਨ ਕਿ ਦੋਸ਼ ਕਰਨ ਵਾਲਿਉ ਤੇ ਦੂਸਰਿਆਂ ਤੇ ਝੂਠੇ ਦੋਸ਼ ਲਗਾਉਣ ਵਾਲਿਉ ਤੁਹਾਡਾ ਕੀ ਹਾਲ ਹੋਵੇਗਾ। ਉਸ ਸੱਚੇ ਦਰਬਾਰ ਵਿੱਚ ਤਾਂ ਕੋਈ ਝੂਠੀ ਗਵਾਹੀ ਨਾਲ ਕੰਮ ਨਹੀਂ ਹੋਵੇਗਾ। ਕੋਈ ਮੁਨਸੱਫ ਰਿਸ਼ਵਤ ਨਹੀਂ ਲੈਂਦਾ ਫਿਰ ਰਿਸ਼ਵਤ ਦੇਣ ਲਈ ਤੇਰੇ ਕੋਲ ਹੋਵੇਗਾ ਕੀ। ਇਹ ਧਨ ਤਾਂ ਇਥੇ ਹੀ ਰਹਿ ਜਾਂਦਾ ਹੈ ਕੁਝ ਨਾਲ ਨਹੀਂ ਜਾਂਦਾ। ਉਥੇ ਕੀ ਕਹੇਂਗਾ ਜਦੋਂ ਪ੍ਰਮਾਤਮਾ ਪੁੱਛੇਗਾ ਤਿ ਤੂੰ ਆਪ ਦੋਸ਼ੀ ਹੋ ਕੇ ਦੂਸਰਿਆਂ ਦੇ ਮੱਥੇ ਦੋਸ਼ ਮੜ੍ਹਦਾ ਰਿਹਾ ਹੈਂ। ਤੇਰੇ ਕਾਰਨ ਅਨੇਕਾਂ ਬੇਦੋਸ਼ਿਆਂ ਨੂੰ ਮਾਰ ਪਈ ਹੈ ਤਾਂ ਤੂੰ ਕੀ ਉੱਤਰ ਦੇਵੇਂਗਾ।

ਨਿਰਦੋਸ਼ ਦ੍ਰਿਸ਼ਟੀ ਵਾਲੇ ਮਹਾਂਪੁਰਖਾਂ ਇਕ ਜੁਗਤੀ ਦੱਸੀ ਹੈ ਕਿ ਜਿਹੜੇ ਗੁਨਾਹ ਨੂੰ ਆਪ ਕੀਤੇ ਹਨ, ਇਕ ਵਾਰ ਨਹੀਂ ਹਜ਼ਾਰ ਵਾਰ ਕੀਤੇ ਹਨ ਜਦੋਂ ਉਹ ਦੋਸ਼ ਕਿਸੇ ਵਿੱਚ ਵੇਖੇ ਤਾਂ ਉਸ ਨੂੰ ਮੁਆਫ ਕਰ ਦੇਵੀਂ। ਉਨ੍ਹਾਂ ਦੋਸ਼ਾਂ ਦਾ ਜ਼ਿਕਰ ਕਿਸੇ ਹੋਰ ਦੇ ਅੱਗੇ ਨਾ

ਕਰੀਂ। ਜੇ ਤੂੰ ਆਪਣੇ ਜੀਵਨ ਦੇ ਚੰਗੇ ਪ੍ਰਭਾਵ ਨਾਲ ਉਸ ਬੰਦੇ ਨੂੰ ਨਿਰਦੋਸ਼ ਨਹੀਂ ਕਰ ਸਕਦਾ ਤਾਂ ਆਪਣੇ ਮਨ ਨੂੰ ਤਸੱਲੀ ਦੇਣ ਲਈ ਕਿ ਮੈਂ ਹੀ ਬੁਰਾ ਨਹੀਂ ਮੇਰੇ ਤੋਂ ਵੀ ਬੁਰੇ ਬੈਠੇ ਹਨ ਦੂਸਰੇ ਲਈ ਭੰਡੀ ਪ੍ਰਚਾਰ ਨਾ ਕਰ। ਪਰ ਮਨੁੱਖ ਦੀ ਰੁਚੀ ਐਸੀ ਹੈ ਕਿ ਕਿਸੇ ਨਿਰਦੋਸ਼ ਵਿਅਕਤੀ ਦੀ ਕਹਾਣੀ ਵਿਚੋਂ ਸਾਨੂੰ ਉਹ ਰਸ ਨਹੀਂ ਆਉਂਦਾ, ਜਿੰਨਾ ਕਿ ਕਿਸੇ ਦੋਸ਼ੀ ਦੀ ਕਹਾਣੀ ਵਿੱਚੋਂ ਰਸ ਆਉਂਦਾ ਹੈ।

ਇਕ ਫਕੀਰ ਪਾਸ ਇਕ ਚੋਰ ਆਇਆ। ਉਹ ਫਕੀਰ ਦੇ ਕਪੜੇ ਤੇ ਕੁਝ ਪੈਸੇ ਚੋਰੀ ਕਰ ਕੇ ਨਿਕਲ ਗਿਆ। ਅੱਗੋਂ ਪੁਲਿਸ ਨੇ ਪਕੜ ਲਿਆ ਅਤੇ ਪਤਾ ਵੀ ਕਰ ਲਿਆ ਕਿ ਕਪੜੇ ਤੇ ਪੈਸੇ ਫਕੀਰ ਦੇ ਹਨ। ਪੁਲਿਸ ਨੇ ਫਕੀਰ ਨੂੰ ਬੁਲਾਇਆ ਤੇ ਕਿਹਾ ਕਿ ਇਹ ਤੁਹਾਡਾ ਚੋਰ ਹੈ। ਪਛਾਣੋ ਇਹ ਕਪੜੇ ਤੁਹਾਡੇ ਹਨ ਇਹ ਪੈਸੇ ਵੀ ਤੁਹਾਡੇ ਹਨ।

ਫਕੀਰ ਨੇ ਕਿਹਾ ਹਾਂ ਇਹ ਕਪੜੇ ਵੀ ਮੇਰੇ ਹਨ, ਇਹ ਪੈਸੇ ਵੀ ਮੇਰੇ ਹਨ ਪਰ ਇਹ ਚੋਰ ਮੇਰਾ ਨਹੀਂ। ਇਹ ਸੇਵਕ ਜ਼ਰੂਰ ਹੈ। ਇਹ ਮੇਰਾ ਸਤਸੰਗੀ ਜ਼ਰੂਰ ਹੈ ਮੈਂ ਇਸੇ ਲਈ ਇਸ ਨੂੰ ਕਿਹਾ ਹੈ ਮੇਰਾ ਘਰ ਤੇਰੇ ਵਾਸਤੇ ਖੁਲ੍ਹਾ ਹੈ ਭਾਵੇਂ ਦਿਨ ਆ ਭਾਵੇਂ ਰਾਤ ਆ। ਅਸਲ ਵਿੱਚ ਮੈਨੂੰ ਜਾਪਦਾ ਹੈ ਕਿ ਇਹ ਸੇਵਾ ਕਰਦਾ ਹੀ ਰਹਿੰਦਾ ਹੈ। ਪੈਸੇ ਇਸ ਲਈ ਲਏ ਹਨ ਕਿ ਸਾਬਣ ਲੈ ਲਵੇਗਾ। ਵੇਖੋ ਕਪੜੇ ਕਿੰਨੇ ਮੈਲੇ ਹਨ ਇਹ ਧੋ ਕੇ ਲਿਆਵੇਗਾ ਕਿਸੇ ਦਾ ਦੋਸ਼ ਧੋਣ ਲਈ ਕੋਈ ਨਿਰਦੋਸ਼ ਫਕੀਰ ਹੀ ਐਸਾ ਕਰ ਸਕਦਾ ਹੈ। ਪੁਲਿਸ ਵਾਲੇ ਸਮਝਦੇ ਸਨ ਪਰ ਕੀ ਕਰ ਸਕਦੇ ਹਨ? ਫਕੀਰ ਚੋਰ ਨੂੰ ਵਾਪਸ ਡੇਰੇ ਲੈ ਆਇਆ ਸੱਚ ਹੀ ਉਹ ਕਪੜਿਆਂ ਦੀ ਹੀ ਨਹੀਂ ਸਗੋਂ ਮਨ ਦੀ ਮੈਲ ਧੋ ਕੇ ਸੱਚਾ ਸੇਵਾਦਾਰ ਬਣ ਗਿਆ।

ਬਾਬਾ ਫਰੀਦ ਜੀ ਕਹਿੰਦੇ ਹਨ ਐਸਾ ਕਰ ਜੇ ਹੋ ਸਕੇ ਤਾਂ ਕਿਸੇ ਦੋਸ਼ੀ ਦਾ ਵੀ ਗੁਨਾਹ ਧੋ ਦੇ ਤੇਰੇ ਪਵਿੱਤਰ ਜੀਵਨ ਸਦਕਾ ਉਸ ਦਾ ਵੀ ਜੀਵਨ ਪਵਿੱਤਰ ਹੋ ਜਾਵੇ। ਘੱਟੋ-ਘੱਟ ਇੰਨਾ ਤਾਂ ਕਰ ਕਿ ਕਿਸੇ ਨੂੰ ਗੁਨਾਹ ਦੇ ਚਿੱਕੜ ਨਾਲ ਨਾ ਭਰੀ ਕਿਸੇ ਨਿਰਦੋਸ਼ ਨੂੰ ਮਾਰ ਪੁਆਉਣ ਦਾ ਕਾਰਨ ਨਾ ਬਣੀ ਇਹ ਸਭ ਤੋਂ ਵੱਡਾ ਪਾਪ ਹੈ।

ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਦੁਨੀਆਂਦਾਰਾਂ ਦਾ ਦੋਸ਼ ਤਾਂ ਆਪਣਾ ਹੈ ਪਰ ਦੋਸ਼ ਦਾ ਫਲ ਭੋਗਣ ਲੱਗਿਆਂ ਬੰਦਾ ਦੂਸਰੇ ਦੇ ਮੱਥੇ ਦੋਸ਼ ਮੜ੍ਹਦਾ ਹੈ। ਇਹ ਨਹੀਂ ਸੋਚਦਾ ਕਿ ਇਹ ਤਾਂ ਮੈਂ ਆਪਣੀ ਕੀਤੀ ਦਾ ਫਲ ਪਾ ਰਿਹਾ ਹਾਂ।

**ਦੁਨੀਆ ਦੋਸੁ, ਰੋਸੁ ਹੈ ਲੋਈ॥ ਅਪਨਾ ਕੀਆ ਪਾਵੈ ਸੋਈ॥**

**(ਭੈਰਉ ਕਬੀਰ ਜੀ ਪੰਨਾ ੧੧੬੧)**

ਐਸੇ ਮਨੁੱਖ ਬਾਰੇ ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਐਸਾ ਮਨੁੱਖ ਆਪਣੇ ਕੀਤੇ ਦੋਸ਼, ਦੂਸਰਿਆਂ ਤੇ ਥੱਪੇ ਦੋਸ਼, ਆਖਰ ਇਹ ਦੋਸ਼ਾਂ ਦੇ ਕਲੰਕ ਆਪਣੇ ਮੂੰਹ ਤੇ ਲਾ ਕੇ ਇਸ ਦੁਨੀਆਂ ਤੋਂ ਤੁਰ ਜਾਂਦਾ ਹੈ ਤੇ ਐਸੇ ਕਲੰਕੀ ਨੂੰ ਰੱਬ ਦੀ ਹਜ਼ੂਰੀ ਵਿੱਚ ਬੈਠਣ ਵਾਸਤੇ ਕੋਈ ਥਾਂ ਨਹੀਂ ਮਿਲਦੀ।

**ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥**

**(ਧਨਾਸਰੀ ਮ ੧ ਪੰਨਾ ੬੬੨)**

ਜੇਕਰ ਦੋਸ਼ੀ ਦ੍ਰਿਸ਼ਟੀ ਬਣ ਜਾਏ ਫਿਰ ਇਨਸਾਨ ਨਾ ਹੀ ਕਿਸੇ ਨੂੰ ਦੋਸ਼-ਮੁਕਤ ਕਰ ਸਕਦਾ ਹੈ ਅਤੇ ਨਾ ਹੀ ਆਪ ਦੋਸ਼-ਮੁਕਤ ਹੋ ਸਕਦਾ ਹੈ ਪਰ ਜੇ ਨਿਰਦੋਸ਼ ਦ੍ਰਿਸ਼ਟੀ ਬਣ ਜਾਏ ਤਾਂ ਐਸਾ ਮਨੁੱਖ ਆਪ ਵੀ ਦੋਸ਼-ਰਹਿਤ ਰਹੇਗਾ, ਅਤੇ ਦੂਸਰਿਆਂ ਨੂੰ ਵੀ ਦੋਸ਼ ਮੁਕਤ ਕਰੇਗਾ। ਬਾਬਾ ਫਰੀਦ ਜੀ ਦੀ ਐਸੀ ਦ੍ਰਿਸ਼ਟੀ ਹੈ। ਦੋਸ਼ ਤੋਂ ਬਚਣ ਲਈ ਉਨ੍ਹਾਂ ਸਾਨੂੰ ਸੁਚੇਤ ਕੀਤਾ ਹੈ ਕਿ ਆਪ ਨਿਰਦੋਸ਼ ਹੋ ਕੇ ਵੀ ਕਿਸੇ ਤੇ ਦੋਸ਼ ਨਹੀਂ ਥੋਪਣਾ। ਕਿਉਂਕਿ ਇਹ ਵੀ ਵੱਡਾ ਦੋਸ਼ ਹੈ। ਇਸ ਖਤਰੇ ਤੋਂ ਹਮੇਸ਼ਾ ਸੁਚੇਤ ਰਹਿਣਾ ਹੈ ਕਿ ਏਥੇ ਬੇਦੋਸ਼ਿਆਂ ਨੂੰ ਵੀ ਮਾਰ ਪੈਂਦੀ ਹੈ ਸਾਡਾ ਗੁਨਾਹਗਾਰਾਂ ਦਾ ਕੀ ਹਾਲ ਹੋਵੇਗਾ?

ਇਹ ਸਵਾਸ ਸਵਾਸ ਸੁਚੇਤ ਹੋ ਕੇ ਚੱਲਣ ਦਾ ਮਾਰਗ ਹੈ।

ਇਹ ਕਦਮ ਕਦਮ ਫੂਕ ਕੇ ਧਰਨ ਦਾ ਮਾਰਗ ਹੈ।

ਇਹ ਖੰਡੇ ਧਾਰ ਦਾ ਰਸਤਾ ਹੈ। ਇਸ ਉੱਤੇ ਅਸੀਂ ਚੱਲਕੇ ਹੀ ਮੁਖ ਸੁਰਖਰੂ ਲੈ ਕੇ ਪ੍ਰਮਾਤਮਾ ਤੱਕ ਪੁੱਜ ਸਕਦੇ ਹਾਂ। ਬਾਬਾ ਫਰੀਦ ਜੀ ਸਾਨੂੰ ਸੁਚੇਤ ਕਰਦੇ ਹਨ ਕਿ ਜੇ ਬੇਦੋਸ਼ਿਆਂ ਨੂੰ ਮਾਰ ਪੈਂਦੀ ਹੈ ਤਾਂ ਮੰਦੇ ਅਮਲ ਕਰਨ ਵਾਲਿਆਂ ਨੂੰ ਕਿਵੇਂ ਮੁਆਫ ਕੀਤਾ ਜਾਵੇਗਾ। ਉਨ੍ਹਾਂ ਕਿੰਨੇ ਸੁੰਦਰ ਦ੍ਰਿਸ਼ਟਾਂਤ ਦਿੱਤੇ ਹਨ। ਹੇ ਫਰੀਦ! ਵੇਖ ਕਪਾਹ ਦਾ ਕੀ ਹਾਲ ਹੋਇਆ ਹੈ? ਵੇਲੀ ਗਈ, ਪਿੰਜੀ ਗਈ, ਕੱਤੀ ਗਈ, ਕੱਟੀ ਗਈ, ਸੀਤੀ ਗਈ। ਤਿਲਾਂ ਦਾ ਹਾਲ ਵੇਖ ਪੀੜੇ ਗਏ, ਫਿਰ ਤੇਲ ਜਲ ਗਿਆ। ਕਮਾਦ ਦਾ ਹਾਲ ਵੇਖ ਗੰਨੇ ਪੀੜੇ ਗਏ, ਰਸ ਉਬਾਲੀ ਗਈ। ਕਾਗਜ਼ ਦਾ ਹਾਲ ਵੇਖ ਕਿਵੇਂ ਬਣਿਆ ਹੈ। ਬੁਰੇ ਕਰਮ ਕਰਨ ਵਾਲੇ ਦੋਸ਼ੀਆਂ ਨੂੰ ਇਹੀ ਸਜ਼ਾਵਾਂ ਦਿੱਤੀਆਂ ਜਾਣਗੀਆਂ। ਜਿਵੇਂ ਕੁੰਨੀ ਚੁਲ੍ਹੇ ਤੇ ਚੜ੍ਹੀ ਰਹਿੰਦੀ ਹੈ। ਕੋਇਲੇ ਵੱਲ ਵੇਖ ਪਹਿਲਾਂ ਲੱਕੜ ਸੜੀ, ਕੋਇਲੇ ਬਣਾਏ ਫਿਰ ਸੜੇ। ਮੰਦੇ ਕਰਮ ਕਰਨ ਵਾਲੇ ਵਾਰ-ਵਾਰ ਸੜਨਗੇ।

**ਫਰੀਦਾ ਵੇਖ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥**
**ਕਮਾਦੈ ਅਰੁ ਆਗਦੈ ਕੁੰਨੇ ਕੋਇਲਿਆਹ॥**
**ਮੰਦੇ ਅਮਨ ਕਰੇਦਿਆ ਏਹ ਸਜਾਇ ਤਿਨਾਹ॥**

**(ਸਲੋਕ ਫਰੀਦ ਪੰਨਾ ੧੩੮੦)**

ਸੁਚੇਤ ਹੋ ਕੇ ਨਿਰਦੋਸ਼ ਤਾਂ ਹੀ ਹੋ ਸਕਦੇ ਹਾਂ ਜੇ ਬਹੀਐ ਪੜਿਆ ਪਾਸਿ॥

# ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ 'ਤੇ ਹੋਏ ਵੱਖ-ਵੱਖ ਸਥਾਨਾਂ ਤੇ ਧਾਰਮਿਕ ਸਮਾਗਮ



**ਬੇਗੋਵਾਲ** - ਦੇਸ਼-ਵਿਦੇਸ਼ ਵਿਚ ਵੱਖ-ਵੱਖ ਗੁਰੂ ਘਰਾਂ ਵਿਚ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ ਜਿਸ ਦਾ ਮੀਡੀਏ ਰਾਹੀਂ ਆਮ ਪਤਾ ਲੱਗਦਾ ਰਹਿੰਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੇਗੋਵਾਲ ਵਿਖੇ 1-2-3 ਜੂਨ ਨੂੰ ਮੁੱਖ ਸਥਾਨ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਜੀ ਦੀ ਬਰਸੀ ਬੀਬੀ ਜਗੀਰ ਕੌਰ ਮੁੱਖ ਸੇਵਾਦਾਰ ਜੀ ਦੀ ਰਹਿਨੁਮਾਈ ਹੇਠ ਵੱਡੀ ਪੱਧਰ 'ਤੇ ਮਨਾਈ ਗਈ। 485 **ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ** ਪਾਏ ਗਏ। ਸਹਿਜ ਪਾਠ ਕਰਨ ਲਈ ਗ੍ਰੰਥੀ ਸਿੰਘਾਂ ਅਤੇ ਸੰਗਤਾਂ ਨੂੰ ਦੱਸਿਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਰਾਤ ਦੇ ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਸਰਵਨ ਕਰਦੀਆਂ ਅਤੇ 24 ਘੰਟੇ ਗੁਰੂ ਕਾ ਲੰਗਰ ਵਰਤਾਇਆ ਜਾਂਦਾ ਰਿਹਾ।

1 **ਜੂਨ** ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਅੰਮ੍ਰਿਤ ਸੰਚਾਰ ਹੋਇਆ ਅਤੇ ਸੈਂਕੜੇ ਸਿੱਖ ਗੁਰੂ ਕੇ ਲੜ ਲੱਗੇ। ਬਾਵਾ ਹਰਨਾਮ ਸਿੰਘ ਦੀਵਾਨ ਹਾਲ ਵਿਚ ਇਸਤਰੀ ਅਕਾਲੀ ਦਲ ਦਾ ਸੰਮੇਲਨ ਕਰਵਾਇਆ ਗਿਆ ਜੋ ਬੇਬੇ ਨਾਨਕੀ ਜੀ ਨੂੰ ਸਮਰਪਿਤ ਸੀ। ਭੋਗ ਉਪਰੰਤ ਇਸ ਸੰਮੇਲਨ ਵਿਚ ਵੱਡੀ ਗਿਣਤੀ ਵਿਚ ਇਸਤਰੀਆਂ ਨੇ ਹਿੱਸਾ ਲਿਆ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੀਆਂ ਵੱਖ-ਵੱਖ ਜ਼ਿਲ੍ਹਿਆਂ ਤੋਂ ਹਜ਼ਾਰਾਂ ਅਹੁਦੇਦਾਰ ਬੀਬੀਆਂ ਨੇ ਹਿੱਸਾ ਲਿਆ। ਸ਼ਾਮ ਨੂੰ ਦਸਤਾਰ ਮੁਕਾਬਲੇ ਕਰਵਾਏ ਗਏ ਅਤੇ ਡੇਰੇ ਵੱਲੋਂ ਫ੍ਰੀ ਦਸਤਾਰਾਂ ਦਿੱਤੀਆਂ ਗਈਆਂ। ਰਾਤ ਨੂੰ ਰੈਣਸਬਾਈ ਕੀਰਤਨ ਹੋਏ। ਬੀਬੀ ਜੀ ਵੱਲੋਂ ਸਿੱਖ ਇਤਿਹਾਸ ਵਿਚ ਇਸਤਰੀ ਜਾਤੀ ਬਾਰੇ ਵਿਸ਼ੇਸ਼ ਤੌਰ 'ਤੇ ਕੁਰਬਾਨੀ ਦੇਣ ਵਾਲੀਆਂ ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਮਾਤਾ ਗੰਗਾ ਜੀ, ਮਾਤਾ ਵੀਰੋ ਜੀ, ਬੀਬੀ ਭਾਨੀ ਜੀ, ਮਾਤਾ ਗੁਜਰੀ ਜੀ ਦੀਆਂ ਕੁਰਬਾਨੀਆਂ ਅਤੇ ਸੇਵਾ ਬਾਰੇ ਦੱਸਿਆ। ਉਨ੍ਹਾਂ ਨੇ ਇਸ ਮੌਕੇ 'ਤੇ ਬੀਬੀ ਹਰਸ਼ਰਨ ਕੌਰ ਜੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਜਿਸ ਨੇ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ 38 ਸ਼ਹੀਦਾਂ ਦਾ ਸਸਕਾਰ ਆਪਣੇ ਹੱਥੀਂ ਕਰਕੇ ਆਪਣੀ ਸੇਵਾ ਅਤੇ

ਬਹਾਦਰੀ ਦਾ ਨਮੂਨਾ ਪੇਸ਼ ਕੀਤਾ ਜਿਸ ਵਿਚ ਉਨ੍ਹਾਂ ਦਾ ਪਤੀ ਪ੍ਰੀਤਮ ਸਿੰਘ ਵੀ ਇਕ ਸੀ।

2 **ਜੂਨ** ਨੂੰ ਧਾਰਮਿਕ ਸਮਾਗਮ ਹੋਏ ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥਿਆਂ ਨੇ ਲਗਾਤਾਰ ਸਾਰਾ ਦਿਨ ਸੰਗਤਾਂ ਨੂੰ ਗੁਰੂ ਜਸ ਨਾਲ ਜੋੜੀ ਰੱਖਿਆ। ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬਾਨਾਂ ਦੇ ਜਥੇਦਾਰ ਅਤੇ ਗੁਰੂ ਘਰ ਦੇ ਕਥਾਵਾਚਕਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ਼ਖ਼ਸੀਅਤ 'ਤੇ ਚਾਨਣਾ ਪਾਇਆ। ਰਾਤ ਨੂੰ ਕਵੀ ਦਰਬਾਰ ਅਤੇ ਢਾਡੀ ਦਰਬਾਰ ਸਜਾਏ ਗਏ ਜਿਸ ਦਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਅਨੰਦ ਮਾਣਿਆ।

3 **ਜੂਨ** ਨੂੰ ਸਵੇਰੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਜਥਿਆਂ ਨੇ ਪੰਡਾਲ ਵਿਚ ਕੀਰਤਨ ਕੀਤਾ ਅਤੇ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਆਪਣੇ ਸਾਥੀਆਂ ਸਮੇਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 68ਵੀਂ ਬਰਸੀ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ। ਜਿਨ੍ਹਾਂ ਨੇ ਸੰਤਾਂ ਦੀ ਜ਼ਿੰਦਗੀ ਬਾਰੇ ਚਾਨਣਾ ਪਾਇਆ। ਇਸ ਸਮੇਂ ਸਿਆਸੀ ਸਟੇਜ਼ ਦੀ ਸੇਵਾ ਸਵਰਨ ਸਿੰਘ ਜੋਸ਼ ਨੇ ਨਿਭਾਈ। ਜਦੋਂ ਕਿ ਧਾਰਮਿਕ ਸਟੇਜ਼ ਦਾ ਸੰਚਾਲਨ ਡਾ. ਅਮਰੀਕ ਸਿੰਘ ਲਤੀਫ਼ਪੁਰ ਵਾਲਿਆਂ ਨੇ ਨਿਭਾਈ।



ਧਾਰਮਿਕ ਪ੍ਰੋਗਰਾਮ ਤੋਂ ਇਲਾਵਾ ਬੱਚੇ ਅਤੇ ਨੌਜਵਾਨ ਵੱਖ-ਵੱਖ ਤਰ੍ਹਾਂ ਦੇ ਝੂਲਿਆਂ, ਖੇਡਾਂ ਅਤੇ ਖਰੀਦੋ-ਫਰੋਕਤ ਦਾ ਅਨੰਦ ਮਾਣਦੇ ਦੇਖੇ ਗਏ।

ਅੰਤ ਵਿਚ ਬੀਬੀ ਜਗੀਰ ਕੌਰ ਜੀ ਨੇ ਸਾਰੀਆਂ ਸੰਗਤਾਂ ਜੋ ਵੱਖ-ਵੱਖ ਰੂਪ ਵਿਚ ਲੰਗਰਾਂ, ਛਬੀਲਾਂ ਅਤੇ ਜੋੜਿਆਂ ਦੀ ਸੇਵਾ ਕਰ ਰਹੇ ਸਨ, ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਹਿਯੋਗ ਲਈ ਧੰਨਵਾਦ ਕੀਤਾ।

**ਜੋਗਿੰਦਰ ਸਿੰਘਅਜੈਬ**

# ਜੋਸ਼ ਜੀ - ਸ਼੍ਰੋਮਣੀ ਅਕਾਲੀ ਦਲ ਦੇ ਬੀ.ਸੀ. ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਬਣੇ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਜੋ ਸ਼੍ਰੋਮਣੀ ਅਕਾਲੀ ਦਲ ਦਾ ਬੀ.ਸੀ. ਵਿੰਗ ਬਣਾਇਆ ਹੋਇਆ ਹੈ ਜਿਸ ਦੇ ਪ੍ਰਧਾਨ ਸ. ਹੀਰਾ ਸਿੰਘ ਗਾਬੜੀਆ ਹਨ, ਨੇ ਸ. ਸਵਰਨ ਸਿੰਘ ਜੋਸ਼ ਨਾਰੰਗਪੁਰ ਜੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ।

ਸ੍ਰੀ ਜੋਸ਼ ਜੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਟਕਸਾਲੀ ਆਗੂ ਹਨ ਜੋ ਮਾਰਕੀਟ ਕਮੇਟੀ ਭੁਲੱਥ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ ਅਤੇ ਬਾਵਾ ਹਰਨਾਮ ਸਿੰਘ ਜੀ ਅਤੇ ਬੀਬੀ ਜਗੀਰ ਕੌਰ ਜੀ ਦੇ ਰਾਜਸੀ ਸਕੱਤਰ ਵੀ ਚੱਲ ਰਹੇ ਹਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਜੋਸ਼ ਜੀ ਦੀ ਇਸ ਨਿਯੁਕਤੀ 'ਤੇ ਉਨ੍ਹਾਂ ਨੂੰ ਵਧਾਈ ਦਿੰਦਾ ਹੈ ਜੋ ਕਿ ਇਸ ਭਵਨ ਦੇ ਰਿਜ਼ਨਲ ਪ੍ਰਧਾਨ ਵੀ ਹਨ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਜੂਨ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਚੰਡੀਗੜ੍ਹ ਵਿਚ ਓ.ਬੀ.ਸੀ. ਦੀ ਰਿਜ਼ਰਵੇਸ਼ਨ ਬਾਰੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਸੀ। ਭਾਰਤ ਸਰਕਾਰ ਦੇ ਸੈਕਟਰੀ ਟੈਕਨੀਕਲ ਐਜੂਕੇਸ਼ਨ ਵਿੰਗ ਚੰਡੀਗੜ੍ਹ ਡਿਪਟੀ ਡਾਇਰੈਕਟਰ ਟੈਕਨੀਕਲ ਐਜੂਕੇਸ਼ਨ ਵਿੰਗ ਚੰਡੀਗੜ੍ਹ ਅਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਨਵੀਂ ਦਿੱਲੀ ਨੂੰ ਹਦਾਇਤ ਕੀਤੀ ਹੈ ਕਿ ਇਸ ਵਿਸ਼ੇ ਤੇ ਜਲਦੀ ਤੋਂ ਜਲਦੀ ਕਮੈਂਟਸ ਭੇਜੇ ਜਾਣ ਅਤੇ ਇਸ ਬਾਰੇ ਫੈਸਲਾ ਲਿਆ ਜਾਵੇ। ਇਸਦੀ ਇੱਕ ਕਾਪੀ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਨੂੰ ਵੀ ਭੇਜੀ ਗਈ ਹੈ। ਇਸ ਦੇ ਨਾਲ ਹੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵੀ ਚੰਡੀਗੜ੍ਹ ਦੇ ਚਾਰ ਹੋਰ ਭਵਨ ਜਿਵੇਂ ਕਿ ਰਾਮਗੜ੍ਹੀਆ ਭਵਨ, ਗੁਜ਼ਰ ਭਵਨ, ਸੈਣੀ ਭਵਨ ਅਤੇ ਯਾਦਵ ਭਵਨ ਨੇ ਸੰਯੁਕਤ ਤੌਰ ਤੇ ਰਿਟ ਪਾਈ ਹੋਈ ਹੈ। ਇਸ ਰਿਟ ਦੀ ਸੁਣਵਾਈ ਜੂਨ ਵਿਚ ਹੋਈ ਸੀ ਅਤੇ ਅਗਲੀ ਤਰੀਕ 7 ਜੁਲਾਈ ਪਾ ਦਿੱਤੀ ਗਈ ਹੈ।ਅਗਲੀ ਸੁਣਵਾਈ ਵਿੱਚ ਜੋ ਫੈਸਲਾ ਹੋਇਆ ਮੈਗਜ਼ੀਨ ਰਾਹੀਂ ਸਭ ਮੈਂਬਰਾਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ।

ਸ. ਬਲਬੀਰ ਸਿੰਘ ਸਤਿਕਾਰਯੋਗ ਮੈਂਬਰ ਸਾਹਿਬ ਨੇ ਫਾਉਂਡੇਸ਼ਨ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਗੁਰਦੁਆਰਾ ਨਾਢਾ ਸਾਹਿਬ ਵਿੱਚ ਨਾਢੂ ਸ਼ਾਹ ਦੇ ਨਾਮ ਨਾਲੋਂ ਲੁਬਾਣਾ ਲਫਜ਼ ਹਟਾ ਦਿੱਤਾ ਗਿਆ ਹੈ। ਇਸ ਬਾਰੇ ਘੋਖ ਕੀਤੀ ਜਾ ਰਹੀ ਹੈ ਕਿ ਇਹ ਲਫਜ਼ ਕਿਉਂ ਹਟਾਇਆ ਗਿਆ ਹੈ। ਮਾਨਯੋਗ ਬੀਬੀ ਜਗੀਰ ਕੌਰ ਨਾਲ ਵੀ ਇਸ ਬਾਰੇ ਪ੍ਰਧਾਨ ਜੀ ਨੇ ਵਿਚਾਰ ਵਟਾਂਦਰਾ ਕੀਤਾ ਸੀ ਅਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਇਸ ਬਾਰੇ ਹੋਰ ਘੋਖ ਕੀਤੀ ਜਾਵੇ ਜੋ ਹੋ ਰਹੀ ਹੈ। ਸਹੀ ਤੱਥ ਸਾਹਮਣੇ ਆਉਣ ਤੋਂ ਬਾਅਦ ਮੈਗਜ਼ੀਨ ਰਾਹੀਂ ਸਭ ਮੈਂਬਰਾਂ ਨੂੰ ਸੂਚਿਤ ਕੀਤਾ ਜਾਵੇਗਾ।

15 ਜੂਨ 2018 ਦਿਨ ਸ਼ੁਕਰਵਾਰ ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਭਵਨ ਤੋਂ ਲੰਘਿਆ ਸੀ। ਇਸ ਸਬੰਧ ਵਿੱਚ ਮਿੱਠੇ ਪਾਣੀ ਦੀ ਛਬੀਲ ਅਤੇ ਕੜਾਹ ਪ੍ਰਸ਼ਾਦ ਅਤੇ ਨਾਲ ਛੋਲਿਆਂ ਦਾ ਪ੍ਰਸ਼ਾਦ ਦਾ ਲੰਗਰ ਲਗਾਇਆ ਗਿਆ ਸੀ।



ਨਗਰ ਕੀਰਤਨ ਨੂੰ ਜੀ ਆਇਆ ਕਹਿਣ ਲਈ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ, ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਸਕੱਤਰ ਸ. ਰਵਿੰਦਰ ਸਿੰਘ, ਮੈਂਟੇਨੈਂਸ ਸਕੱਤਰ ਨਿਰਮਲ ਸਿੰਘ, ਰੀਜਨਲ ਪ੍ਰਧਾਨ ਰਾਜਪਾਲ ਸਿੰਘ, ਸ. ਜਸਪਾਲ ਸਿੰਘ ਅਤੇ ਮੈਡਮ ਰੂਬੀ ਜੀ ਵੀ ਹਾਜ਼ਰ ਸਨ। ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਅਤੇ ਪੰਡਿਤ ਰਾਜ ਕੁਮਾਰ ਅਤੇ ਰਾਮ ਕੁਮਾਰ ਦੇ ਨੌਕਰਾਂ ਨੇ ਛਬੀਲ ਦੀ ਸੇਵਾ





ਕੀਤੀ। ਅਹੁਦੇਦਾਰਾਂ ਅਤੇ ਮੈਂਬਰਾਂ ਨੇ ਪੰਜ ਪਿਆਰਿਆਂ ਨੂੰ ਸਰੋਪੇ ਪਾਏ ਅਤੇ ਪ੍ਰਧਾਨ ਜੀ ਨੇ ਰੁਮਾਲਾ ਸਾਹਿਬ ਅਤੇ ਭੇਟਾ ਪਾਲਕੀ ਸਾਹਿਬ ਵਿਚ ਭੇਟ ਕੀਤੀ। ਨਗਰ ਕੀਰਤਨ ਦੀ ਕਮੇਟੀ ਨੇ ਪ੍ਰਧਾਨ ਜੀ ਅਤੇ ਸਾਰੀ ਮੈਂਟੇਨੈਂਸ ਦਾ ਧੰਨਵਾਦ ਕੀਤਾ ਅਤੇ ਪ੍ਰਧਾਨ ਜੀ ਨੂੰ ਸਰੋਪਾ ਭੇਟ ਕੀਤਾ। ਸੰਗਤ ਨੇ ਛਬੀਲ ਦਾ ਆਨੰਦ ਮਾਣਿਆ।

ਸਚਖੰਡ ਵਾਸੀ ਮਹਾਂਪੁਰਸ਼ ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ) ਜੀ ਦੀ 68ਵੀਂ ਬਰਸੀ ਮਿਤੀ 24-06-2018 ਨੂੰ ਲੁਬਾਣਾ ਭਵਨ ਵਿਖੇ ਬੜੀ ਧੂਮ-ਧਾਮ ਨਾਲ ਮਨਾਈ ਗਈ। ਇਸ ਸਬੰਧ ਵਿੱਚ ਸਵੇਰੇ 10 ਵਜੇ ਸ਼੍ਰੀ ਆਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਭਾਈ ਲਖਵਿੰਦਰ ਸਿੰਘ ਪਾਰਸ ਢਾਡੀ ਜੱਥਾ ਨੇ ਸੰਗਤਾਂ ਨੂੰ ਸੰਤ ਪ੍ਰੇਮ ਸਿੰਘ ਅਤੇ ਬਾਬਾ ਮੱਖਣ ਸ਼ਾਹ



ਲੁਬਾਣਾ ਬਾਰੇ ਵਾਰਾਂ ਰਾਹੀ ਨਿਹਾਲ ਕੀਤਾ। ਇਸ ਉਪਰੰਤ ਭਾਈ ਰਵਿੰਦਰ ਸਿੰਘ ਹਜੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅਮ੍ਰਿਤਸਰ ਨੇ ਵੀ ਸੰਗਤਾਂ ਨੂੰ ਮਨੋਹਰ ਕੀਰਤਨ ਰਾਹੀਂ ਨਿਹਾਲ ਕੀਤਾ। ਪ੍ਰੋ. ਜਸਵੰਤ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਬਾਰੇ



ਸੰਗਤਾਂ ਨੂੰ ਉਹਨਾਂ ਦੀ ਜੀਵਨ ਦੀਆਂ ਕੁਝ ਘਟਨਾਵਾਂ ਬਾਰੇ ਵਿਸਥਾਰ ਸਹਿਤ ਚਾਨਣਾਂ ਪਾਇਆ। ਸ. ਪ੍ਰੀਤਮ ਸਿੰਘ ਨਾਰੰਗਪੁਰ ਸਾਹਿਬ ਨੇ ਵੀ ਆਪਣੇ ਸ਼ਰਧਾ ਦੇ ਫੁੱਲ ਸੰਤ ਜੀ ਨੂੰ ਭੇਟਾ ਕੀਤੇ। ਸੰਗਤਾਂ ਦੇ ਭਾਰੀ ਇਕੱਠ ਨੂੰ ਬੀਬੀ ਜਗੀਰ ਕੌਰ ਸਾਬਕਾ ਮੰਤਰੀ, ਸਾਬਕਾ ਐਸ.ਜੀ.ਪੀ.ਸੀ. ਪ੍ਰਧਾਨ ਅਤੇ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਜੀ ਨੇ ਸੰਬੋਧਨ ਕੀਤਾ ਅਤੇ ਸੰਗਤ ਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਦੇਣ ਲਈ ਪ੍ਰੇਰਿਤ ਕੀਤਾ ਅਤੇ ਸਮਾਜਿਕ ਬੁਰਈਆਂ ਜਿਵੇਂ ਕਿ ਦਹੇਜ ਪ੍ਰਥਾ ਨੂੰ ਬੰਦ ਕਰਨ

ਦੀ ਅਪੀਲ ਕੀਤੀ।

ਆਖੀਰ ਵਿਚ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਜੀ ਨੇ ਸਾਰੀ ਸੰਗਤ ਅਤੇ ਬੀਬੀ ਜੀ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਮੈਨੇਜਮੈਂਟ ਤਿੰਨ ਮੁੱਖ ਵਿਸ਼ਿਆਂ ਤੇ ਕੰਮ ਕਰ ਰਹੀ ਹੈ ਜਿਸ ਤਰ੍ਹਾਂ ਵਿਦਿਆ, ਮੈਡੀਕਲ ਅਤੇ ਸਮਾਜਿਕ ਸੁਧਾਰ। ਪ੍ਰਧਾਨ ਜੀ ਨੇ ਆਈ ਸੰਗਤ ਨੂੰ ਵੀ ਬੇਨਤੀ ਕੀਤੀ ਕਿ ਉਪਰੋਕਤ ਤਿੰਨ ਵਿਸ਼ਿਆਂ ਤੇ ਸਾਰੇ ਸਹਿਯੋਗ ਦੇਣ ਤਾਂ ਕਿ ਅਸੀਂ ਸਮਾਜ ਵਿੱਚ ਸੁਧਾਰ ਲਿਆ ਸਕੀਏ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 68ਵੀਂ ਬਰਸੀ ਵਿਚ ਸ਼ਾਮਿਲ ਹੋਣ ਵਾਸਤੇ ਸ. ਗੁਰਪਾਲ ਸਿੰਘ ਜੀ ਦੀ ਅਗਵਾਈ ਵਿਚ ਸੰਗਤ ਨਰਾਇਣਗੜ੍ਹ (ਹਰਿਆਣਾ) ਤੋਂ ਚਾਰ ਬੱਸਾਂ ਵਿੱਚ ਸੰਗਤ ਪਹੁੰਚੀ ਸੰਗਤ ਨੂੰ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਸ. ਬਲਵਿੰਦਰ ਸਿੰਘ ਮੁਲਤਾਨੀ, ਸ. ਗੁਲਸ਼ਨ ਕੁਮਾਰ ਸਿੰਘ, ਨਿਰਮਲ ਸਿੰਘ, ਸ. ਜਸਪਾਲ ਸਿੰਘ ਜੀ ਨੇ ਜੀ ਆਇਆ ਆਖਿਆ।

ਪਹੇਵਾ ਹਰਿਆਣਾ ਤੋਂ ਵੀ ਸ. ਰਣਜੀਤ ਸਿੰਘ ਰੀਜ਼ਨਲ ਪ੍ਰਧਾਨ ਜੀ ਦੀ ਪ੍ਰੇਰਣਾ ਸਦਕਾ ਸੰਗਤਾਂ ਦਾ ਇਕੱਠ ਹੁਮ-ਹੁਮਾਂ ਕੇ ਪਹੁੰਚਿਆ। ਸਾਰੀ ਸੰਗਤ ਦਾ ਪ੍ਰਧਾਨ ਜੀ ਅਤੇ ਉੱਪਰ ਲਿਖੇ ਅਹੁਦੇਦਾਰਾਂ ਨੇ ਜੀ ਆਇਆ ਆਖਿਆ।



ਬੇਗੋਵਾਲ ਤੋਂ ਪ੍ਰੋ. ਜਸਵੰਤ ਸਿੰਘ ਅਤੇ ਸ. ਸੁਖਵਿੰਦਰ ਬਿੱਲਾ ਅਤੇ ਜਲੰਧਰ ਤੋਂ ਸ. ਪ੍ਰੀਤਮ ਸਿੰਘ ਨਰੰਗਪੁਰ, ਸ. ਟਹਿਲ





ਸਿੰਘ, ਸਰਦਾਰਨੀ ਮਨਜੀਤ ਕੌਰ ਖਾਲਸਾ, ਸ. ਕਸ਼ਮੀਰ ਸਿੰਘ ਦੇ ਉੱਦਮ ਸਦਕਾ ਜਲੰਧਰ ਤੋਂ ਵੀ ਸੰਗਤ ਪਹੁੰਚੀ ਪ੍ਰਧਾਨ ਜੀ ਅਤੇ ਅਹੁਦੇਦਾਰਾਂ ਵੱਲੋਂ ਸਵਾਗਤ ਕੀਤਾ ਗਿਆ।

**ਸਨਮਾਨਤ**:- ਸਵਰਗਵਾਸੀ ਸ. ਅਮਰੀਕ ਸਿੰਘ ਸਾਬਕਾ ਜਨਰਲ ਸਕੱਤਰ ਦੀ ਧਰਮ ਪਤਨੀ ਰਾਜਵਿੰਦਰ ਕੌਰ ਜੀ ਨੂੰ ਉਨ੍ਹਾਂ ਦੇ ਪਤੀ ਸ. ਅਮਰੀਕ ਸਿੰਘ ਦੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਮੈਨੇਜਮੈਂਟ ਵੱਲੋਂ ਸਨਮਾਨਤ ਕੀਤਾ ਗਿਆ।



**ਮੈਡੀਕਲ ਵਿੰਗ ਬਾਰੇ**:- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਜੂਨ ਮਹੀਨੇ ਦੇ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ - 215
2. ਮੈਡੀਕਲ ਲੈਬ - 54
3. ਡੈਂਟਲ ਕਲੀਨਿਕ - 44

**ਮੈਡੀਕਲ ਕੈਂਪ ਬਾਰੇ**:-

ਜੂਨ ਦੇ ਮਹੀਨੇ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ 4 ਕੈਂਪ ਲਗਾਏ ਗਏ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 08-06-2018/ਮਕਸੂਦਾਂ, ਜਲੰਧਰ | 40 |
| 2. | 09-06-2018/ਮਕਸੂਦਾ, ਜਲੰਧਰ | 51 |
| 3. | 13-06-2018/ਇਬਰਾਹਿਮਵਾਲ | 38 |
| 4. | 19-06-2018/ਗੁਰਦੁਆਰਾ ਸਾਹਿਬ 66 ਫੁੱਟ ਰੋਡ ਜਲੰਧਰ | 43 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ**

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਕਾਵਿ-ਕਿਆਰੀ



## ਮਾਂ ਬਾਪ

ਦੇਖਦੇ ਹੀ ਦੇਖਦੇ ਜਵਾਨ, ਮਾਂ-ਬਾਪ ਬੁੱਢੇ ਹੋ ਜਾਂਦੇ ਹਨ,
ਸਵੇਰ ਦੀ ਸੈਰ ਵਿਚ ਕਦੀ ਚੱਕਰ ਖਾ ਜਾਂਦੇ ਹਨ,
ਸਾਰੇ ਮੁੱਹਲੇ ਨੂੰ ਪਤਾ ਹੈ, ਪਰ ਸਾਥੋਂ ਛੁਪਾਉਂਦੇ ਹਨ।
ਦਿਨ ਪ੍ਰਤੀ ਦਿਨ ਆਪਣੀ ਖੁਰਾਕ ਘਟਾਉਂਦੇ ਹਨ,
ਆਪਣੀ ਤਬੀਅਤ ਠੀਕ ਹੋਣ ਦੀ ਬਾਤ ਫੋਨ ਤੇ ਸੁਣਾਉਂਦੇ ਹਨ।
ਢਿੱਲੇ ਹੋ ਗਏ ਕਪੜੇ, ਨੂੰ ਤੰਗ ਕਰਵਾਉਂਦੇ ਹਨ,
ਦੇਖਦੇ ਹੀ ਦੇਖਦੇ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਕਿਸੇ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਘਬਰਾਉਂਦੇ ਹਨ
ਅਤੇ ਆਪਣੇ ਪਰਹੇਜਾਂ ਦੀ ਸੰਖਿਆ ਵਧਾਉਂਦੇ ਹਨ।
ਸਾਡੇ ਮੋਟਾਪੇ ਤੇ ਹਦਾਇਤਾਂ ਦਾ ਢੇਰ ਲਗਾਉਂਦੇ ਹਨ,
"ਰੋਜ਼ ਦੀ ਵਰਜਿਸ਼ ਦੇ ਫਾਇਦੇ ਗਿਣਾਉਂਦੇ ਹਨ"
ਤੰਦਰੁਸਤੀ ਹਜ਼ਾਰ ਨਯਾਮਤ ਹਰ ਦਫਾ ਸੁਣਾਉਂਦੇ ਹਨ,
ਦੇਖਦੇ ਹੀ ਦੇਖਦੇ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਹਰ ਸਾਲ ਬੜੇ ਸ਼ੌਂਕ ਨਾਲ ਆਪਣੇ ਬੈਂਕ ਜਾਂਦੇ ਹਨ,
ਆਪੇ ਜਿੰਦਾ ਹੋਣ ਦਾ ਸਬੂਤ ਦੇ ਕੇ ਖੁਸ਼ ਹੋ ਜਾਂਦੇ ਹਨ,
ਜ਼ਰਾ ਵਧੀ ਪੈਂਨਸ਼ਨ ਤੇ ਫੁਲੇ ਨਹੀਂ ਸਮਾਉਂਦੇ ਹਨ,
ਅਤੇ ਐਫ.ਡੀ. ਰਿਨਿਊ ਕਰਵਾਉਣ ਜਾਂਦੇ ਹਨ,
ਖੁਦ ਦੇ ਲਈ ਨਹੀਂ ਸਾਡੇ ਲਈ ਹੀ ਬਚਾਉਂਦੇ ਹਨ।
ਦੇਖਦੇ ਹੀ ਦੇਖਦੇ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਸਾਡੀ ਪਸੰਦੀਦਾ ਚੀਜਾਂ ਦੇ ਢੇਰ ਲਗਾਉਂਦੇ ਹਨ,
ਹਰ ਛੋਟੀ-ਵੱਡੀ ਫਰਮਾਇਸ਼ ਪੂਰੀ ਕਰਨ ਦੇ ਲਈ
ਮਾਂ ਰਸੋਈ ਤੇ ਪਿਤਾ ਬਜ਼ਾਰ ਦੌੜੇ ਚਲੇ ਜਾਂਦੇ ਹਨ।
ਪੋਤੇ-ਪੋਤੀਆਂ ਨੂੰ ਮਿਲਣ ਲਈ ਜਵਾਨ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਐਲੋਪੇਥੀ ਦੇ ਬਹੁਤ ਸਾਰੇ ਸਾਈਡ ਇਫੈਕਟ ਦਰਸਾਉਂਦੇ ਹਨ
ਅਤੇ ਹੋਮਿਓਪੈਥੀ ਤੇ ਆਯੁਰਵੈਦਿਕ ਦੀ ਰੱਟ ਲਗਾਉਂਦੇ ਹਨ।
ਜ਼ਰੂਰੀ ਆਪਰੇਸ਼ਨ ਨੂੰ ਹੋਰ ਅੱਗੇ ਟਲਾਉਂਦੇ ਹਨ,
ਦੇਖਦੇ ਹੀ ਦੇਖਦੇ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਉੜਦ ਦੀ ਦਾਲ ਹੁਣ ਪਚਾ ਨਹੀਂ ਪਾਂਦੇ ਹਨ,
ਘੀਆ, ਤੋਰੀ ਅਤੇ ਮੂੰਗੀ ਦੀ ਦਾਲ ਹੀ ਅਧਿਕਤਰ ਖਾਂਦੇ ਹਨ।
ਦੰਦਾਂ ਵਿੱਚ ਅਟਕੇ ਖਾਣੇ ਨੂੰ ਤੀਲੀ ਨਾਲ ਖੁਜਲਾਉਂਦੇ ਹਨ,
ਪਰ ਦੰਦਾਂ ਦੇ ਡਾਕਟਰ ਦੇ ਪਾਸ ਜਾਣ ਤੋਂ ਕਤਰਾਉਂਦੇ ਹਨ।
ਕੰਮ ਚਲ ਹੀ ਰਿਹਾ ਹੈ, ਦੀ ਧੁੰਨ ਲਗਾਉਂਦੇ ਹਨ,
ਦੇਖਦੇ ਹੀ ਦੇਖਦੇ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਚੀਜ਼ ਰੱਖ ਕੇ ਹੁਣ ਅਕਸਰ ਭੁੱਲ ਜਾਂਦੇ ਹਨ,
ਫਿਰ ਉਹਨਾਂ ਨੂੰ ਲੱਭਣ ਵਿਚ ਸਾਰਾ ਘਰ ਸਿਰ ਤੇ ਉਠਾਉਂਦੇ ਹਨ,
ਅਤੇ ਇੱਕ-ਦੂਜੇ ਨੂੰ ਗੱਲਾਂ-ਗੱਲਾਂ ਵਿੱਚ ਹੜਕਾਉਂਦੇ ਹਨ,
ਪਰ ਇੱਕ ਦੂਜੇ ਤੋਂ ਦੋਂਵੇ ਹੀ ਅਲੱਗ ਨਹੀਂ ਰਹਿ ਪਾਉਂਦੇ ਹਨ।
ਇੱਕ ਹੀ ਕਿੱਸੇ ਨੂੰ ਬਾਰ-ਬਾਰ ਦੁਹਰਾਉਂਦੇ ਹਨ
ਦੇਖਦੇ ਹੀ ਦੇਖਦੇ ਮਾਂ-ਬਾਪ ਬੁੱਢੇ ਹੋ ਜਾਂਦੇ ਹਨ।
ਚਸ਼ਮੇਂ ਨਾਲ ਹੁਣ ਠੀਕ ਨਹੀਂ ਦਿਖਦਾ
ਬੀਮਾਰੀ ਆਉਣ ਤੇ ਦਵਾ ਲੈਣ ਤੇ ਨਖਰੇ ਦਿਖਾਉਂਦੇ ਹਨ।
ਇਸ ਲਈ ਮਾਂ-ਬਾਪ ਦਾ ਦਿਲ ਜਿਤ ਲਵੋ ਕਾਮਯਾਬ ਹੋ ਜਾਓਗੇ
ਵਰਨਾ ਸਾਰੀ ਦੁਨੀਆਂ ਜਿਤ ਕੇ ਵੀ ਹਾਰ ਜਾਓਗੇ।

**ਹਰਪ੍ਰੀਤ ਕੌਰ ਪੇਲੀਆ**
**ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ**

*****

## ਸ਼ਬਦਾਂ ਦੇ ਸੰਯੋਗ/ਹਰਬਖ਼ਸ਼ ਸਿੰਘ ਟਾਹਲੀ

### ਜਾਤ



ਮਨੁੱਖ ਦਾ ਜਨਮ ਹੁੰਦਾ ਹੈ - ਜਾਤ ਦਾ ਜਨਮ ਨਹੀਂ ਹੁੰਦਾ।
ਜਾਤ ਦਾ ਪਾਠ ਪੜ੍ਹਾਇਆ ਜਾਂਦਾ ਹੈ ਸਮਾਜ ਵੱਲੋਂ
ਤੇ ਫਿਰ ਹੰਸ ਵਰਗੇ ਰੂਹ ਨੂੰ ਤਕੀਬਾਂ ਦੱਸੀਆਂ ਜਾਂਦੀਆਂ ਹਨ
ਕਿਵੇਂ ਉਸ ਨੇ ਦੂਜਿਆਂ ਉੱਤੇ ਤਰੱਦਦ ਕਰਨੇ ਹਨ
ਕਿਵੇਂ ਉਸ ਨੇ ਦੂਜਿਆਂ ਦੇ ਹੱਕ ਖੋਹਣੇ ਹਨ
ਕਿਸੇ ਉੱਚੀ ਜਾਤ ਵਾਲੇ ਨੇ ਆਪਣੇ ਬੱਚਿਆਂ ਨੂੰ ਦੱਸਿਆ ਹੋਵੇਗਾ
ਕਿ ਤੇਰਾ ਕੰਮ ਸਮਾਜ ਦੇ ਹੋਰ ਵਰਗਾਂ ਉੱਤੇ ਰਾਜ ਕਰਨਾ ਹੈ।
ਛੋਟੀਆਂ ਸਮਝੀਆਂ ਜਾਂਦੀਆਂ ਜਾਤਾਂ ਵਾਲੇ ਵੀ ਤੇ ਸਿਖਾਉਂਦੇ ਨੇ
ਆਪਣੇ ਬੱਚਿਆਂ ਨੂੰ ਕਿ ਆਪਣੇ ਮਾਲਕ ਦੇ ਸਾਹਮਣੇ ਨਹੀਂ ਬੋਲਣਾ
ਮਾਲਕ ਦੀ ਸੇਵਾ ਕਰਨਾ ਸ਼ੂਦਰ ਦਾ ਧਰਮ ਹੈ।
ਕਿੰਨੀਆਂ ਸਦੀਆਂ ਬੀਤ ਜਾਂਦੀਆਂ ਹਨ
ਕਿੰਨੇ ਲੱਖਾਂ ਕਰੋੜਾਂ ਰੂਹ ਇਸ ਇਨਸਾਨੀ ਯਾਤਰਾ ਵਿਚੋਂ ਦੀ ਗੁਜ਼ਰ ਜਾਂਦੇ ਹਨ
ਇਸੇ ਹੀ ਸਿੱਖਿਆ ਅਧੀਨ ਜਨਮਦੇ ਹਨ ਹਿਟਲਰ, ਚੰਗੇਜ਼ ਖਾਨ।
ਤੇ ਫਿਰ ਜਨਮਦਾ ਹੈ ਕੋਈ ਰਵਿਦਾਸ ਕੋਈ ਕਬੀਰ
ਜਿਹੜੇ ਜਾਤ ਨੂੰ ਜਨਮ ਨਾਲ ਨਹੀਂ ਜੋੜਦੇ
ਜਿਹੜੇ ਕਰਮ ਨੂੰ ਤਰਜੀਹ ਦਿੰਦੇ ਹਨ ਅਤੇ ਆਪੇ ਨੂੰ ਪਛਾਣਦੇ ਹਨ
ਤੇ ਉਠਾਉਂਦੇ ਨੇ ਆਵਾਜ਼ ਇਨ੍ਹਾਂ ਗੈਰ ਮਨੁੱਖੀ ਸਲੀਕਿਆਂ ਦੇ ਵਿਰੁੱਧ
ਉਹਨਾਂ ਦੇ ਪੈਗਾਮ ਕਿੰਨਾ ਕੁ ਸਾਰਥਕ ਹੋਇਆ ਹੈ
ਇਸ 'ਤੇ ਵਿਚਾਰ ਕਰਨਾ ਪਵੇਗਾ।

*****

## ਲ਼ਫਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ

### ਤੇਰਾ ਕੀਤਾ

ਪਤਾ ਲੱਗਾ ਹੈ ਧਰੂ-ਤਾਰਾ ਸੂਰਜ ਤੋਂ ਵੱਡਾ ਹੈ।
ਉਸ ਦੀ ਰੌਸ਼ਨੀ ਸੂਰਜ ਤੋਂ ਦੋ ਹਜ਼ਾਰ ਗੁਣਾ ਵੱਧ ਹੈ।
ਇਹ ਵੀ ਪਤਾ ਲੱਗਾ ਹੈ ਕਿ ਆਕਾਸ਼ ਵਿਚ ਕਈ ਸੂਰਜ ਹਨ

ਅਤੇ ਧਰੂ ਤਾਰਿਆਂ ਦੀ ਕੋਈ ਗਿਣਤੀ ਨਹੀਂ ਹੈ।
ਵਿਗਿਆਨਕ ਖੋਜ ਦੱਸਦੀ ਹੈ ਕਿ ਇਹ ਸ਼ਕਤੀ ਸਰੋਤ ਤਾਰੇ
ਆਕਾਸ਼ ਵਿਚ ਆਪਣੇ ਆਪ ਬਣਦੇ ਹਨ ਅਤੇ ਮਰ ਜਾਂਦੇ ਹਨ।
ਵਿਗਿਆਨ ਨੇ ਗਲੈਕਸੀਆਂ ਦੀ ਹੋਂਦ ਅਤੇ ਖਾਤਮੇ
ਦਾ ਅੰਦਾਜ਼ਾ ਲਗਾ ਲਿਆ ਹੈ ਪਰ ਅੰਤ ਦੀ ਗੱਲ ਨਹੀਂ
ਵਿਗਿਆਨ ਅੰਤ ਦੀ ਖੋਜ ਕਰਨ ਦਾ ਉਦੇਸ਼ ਰੱਖਦੀ ਹੈ
ਧਰਮ ਅੰਤ ਨੂੰ ਪਹਿਲਾਂ ਮੰਨ ਕੇ ਚੱਲਦਾ ਹੈ ਅਤੇ ਫਿਰ
ਵਿਸਥਾਰ ਵਿਚ ਜਾਂਦਾ ਹੈ ਬੇਅੰਤਤਾ ਦੇ ਗੀਤ ਗਾਉਂਦਾ ਹੈ
ਵਿਗਿਆਨ ਅੱਖਾਂ ਖੋਲ੍ਹ ਕੇ ਸੂਰਤ ਦੇਖਣ ਦੀ ਇਛੁੱਕ ਹੈ
ਧਰਮ ਅੱਖਾਂ ਬੰਦ ਕਰਕੇ ਅੰਦਰ ਦੇ ਧਿਆਨ ਵਿਚ ਉਤਰਦਾ ਹੈ
ਜਦੋਂ ਮਨੁੱਖ ਵਿਗਿਆਨਕ ਅੱਖ ਨਾਲ ਆਕਾਸ਼ ਵੱਲ ਦੇਖਦਾ ਹੈ
ਅਤੇ ਧਰਮ ਦੀ ਨਿਗਾਹ ਨਾਲ ਅੰਦਰ ਵੱਲ ਨੂੰ ਤੁਰਦਾ ਹੈ
ਫਿਰ ਪਿਆਰ ਦੀ ਬਾਣੀ ਚਲਦੀ ਹੈ, ਐਸੀ ਬਾਣੀ ਜਿਥੇ ਜ਼ਿੰਦਗੀ ਦਾ ਸੱਚ
ਅਣਕਿਆਸਿਆ ਨਹੀਂ ਸਗੋਂ ਹਕੀਕਤ ਬਣ ਕੇ ਪ੍ਰਗਟ ਹੁੰਦਾ ਹੈ।
ਅਤੇ ਮੁਖੋਂ ਆਪ-ਮੁਹਾਰੇ ਨਿਕਲ ਤੁਰਦਾ ਹੈ-ਤੇਰਾ ਕੀਤਾ ਜਾਤੋ ਨਾਹੀਂ...।

* * * * *



## ਸੰਤ ਮੁਰਾਲੇ ਵਾਲੇ

ਰੱਬੀ ਸੋਚ ਮੁਰਾਲੇ ਵਾਲੇ ਦੀ
ਆ ਕੇ ਬੈਠ ਗਏ ਬੇਗੋਵਾਲ
ਹੋ ਜਾਏ ਇਕੱਠੀ ਬਰਾਦਰੀ ਸਾਰੀ
ਬਾਬੇ ਕਿਹਾ ਸਭ ਨੂੰ ਪੁਕਾਰ
ਦੇਖੋ ਨਾ ਇਲਾਕਾ ਜਾਂ ਕੱਲਰ ਜ਼ਮੀਨਾਂ
ਆਖੇ ਬਾਬਾ ਕੋਲ ਬੈਠਾਲ
ਲੱਗਣਗੀਆਂ ਰੌਣਕਾਂ, ਦੌੜਨਗੀਆਂ ਕਾਰਾਂ
ਦੁਨੀਆਂ ਦੇਵੇਗੀ ਮਿਸਾਲ
ਸਕੂਲ ਕਾਲਜ ਵਿੱਦਿਆ ਲਈ ਖੋਲੇ
ਕਰੋ ਪੜ੍ਹਾਈਆਂ ਤੇ ਹੋ ਜਾਓ ਤਿਆਰ
ਪੜ੍ਹ ਕੇ ਵਿੱਦਿਆ ਬਣੋਗੇ ਅਫਸਰ
ਕਰੋਗੇ ਚੌਧਰ ਵਿਚ ਸਰਕਾਰ
ਛੱਡ ਦੇਵੋ ਲਾਹਨਤ ਦਾਜ ਲੈਣ ਦੀ
ਬਾਬਾ ਆਖੇ ਸੋਚ-ਵਿਚਾਰ
ਨੂੰਹਾਂ ਨੂੰ ਧੀਆਂ ਆਪਣੀਆਂ ਜਾਣੋ
ਕਰਾਉਣਾ ਚਾਹੁੰਦੇ ਜੇ ਸਤਿਕਾਰ
ਕਰਨ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਦਾ
ਜੁੜੋ ਬਾਣੀ ਨਾਲ ਸੰਗਤ ਨੂੰ ਦੱਸਣ
ਸੰਤ-ਸਿਪਾਹੀ ਬਾਬਾ ਜੀ ਸਨ ਪੂਰੇ
ਨਾਲ ਗਾਤਰੇ ਰਿਵਾਲਵਰ ਰੱਖਣ
ਬ੍ਰਹਮ ਗਿਆਨੀ ਬਾਬਾ ਜੀ ਸਨ ਪੂਰੇ
ਇਹ ਗੱਲ ਜਾਣੇ ਸਾਰਾ ਸੰਸਾਰ
ਭਗਤੀ-ਸ਼ਕਤੀ ਚੱਲਣ ਜੇ ਇਕੱਠੀਆਂ
ਧਰਮ ਦਾ ਹੁੰਦਾ ਤਾਂ ਪ੍ਰਚਾਰ
ਛੱਡਿਓ ਨਾ ਕਦੇ ਪੱਲਾ ਗੁਰੂ ਦਾ
ਜੁੜੇ ਰਹਿਓ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ
ਕਰੋਗੇ ਤਰੱਕੀਆਂ ਤੇ ਮਾਣੋਗੇ ਮੌਜਾਂ
ਹੁੰਦੀ ਰਹੇਗੀ ਤੁਹਾਡੀ ਜੈ-ਜੈ ਕਾਰ
ਲਾ ਕੇ ਮੇਲੇ ਤੇ ਮਨਾ ਕੇ ਬਰਸੀਆਂ
ਧੂੰਮਾਂ ਪਾਈਆਂ ਵਿਚ ਪ੍ਰਦੇਸਾਂ
ਕਹਿੰਦਾ ਸੁਭਾਨਪੁਰੀ ਭੁੱਲ ਨਾ ਜਾਣਾ
ਸੰਤ ਪ੍ਰੇਮ ਸਿੰਘ ਜੀ ਦਿਆਂ ਉਪਦੇਸ਼ਾਂ



**-ਰਘਬੀਰ ਸਿੰਘ ਸੁਭਾਨਪੁਰ**

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਬੜੀ ਸ਼ਰਧਾ ਨਾਲ ਮਨਾਈ ਗਈ















# ਯੋਗ ਇਕ ਇਲਾਜ



ਯੋਗ ਇਕ ਇਲਾਜ ਵਿਧੀ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਿਰਫ ਕੁਝ ਆਸਣ ਜਾਂ ਸਵਾਸ ਪ੍ਰਕਿਰਿਆਵਾਂ ਸੰਪੂਰਨ ਯੋਗ ਨਹੀਂ ਹਨ। ਯੋਗ ਦੇ 8 ਅੰਗ ਹਨ : ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਸਾਡਾ ਸਰੀਰ ਅਤੇ ਸਾਡੀ ਸ਼ਖ਼ਸੀਅਤ ਅਸਲ ਵਿਚ ਸਾਡੀ ਭਾਵ ਪ੍ਰਕਿਰਿਆ ਦੁਆਰਾ ਨਿਰਮਿਤ ਹੁੰਦੀ ਹੈ। ਜਿਹੋ ਜਿਹਾ ਅਸੀਂ ਲਗਾਤਾਰ ਚਿੰਤਨ ਕਰਦੇ ਹਾਂ ਜਾਂ ਸੋਚਦੇ ਹਾਂ, ਉਹੋ ਜਿਹੇ ਹੀ ਅਸੀਂ ਹੋ ਜਾਂਦੇ ਹਾਂ। ਇਸ ਲਈ ਸਾਡੀ ਸੋਚ ਦਾ ਸਿੱਧਾ ਅਸਰ ਸਾਡੀ ਸਿਹਤ ਜਾਂ ਰੋਗ 'ਤੇ ਵੀ ਪੈਂਦਾ ਹੈ। ਇਹੀ ਵਿਚਾਰ ਪ੍ਰਕਿਰਿਆ ਜਾਂ ਆਤਮ-ਸੰਸੂਚਨ ਜਾਂ ਸੂਚਨਾ ਰੋਗ ਦੇ ਇਲਾਜ ਵਿਚ ਵੀ ਸਭ ਤੋਂ ਮਹੱਤਵਪੂਰਨ ਪ੍ਰਕਿਰਿਆ ਹੈ ਅਰਥਾਤ ਆਪਣੇ ਮਨ ਵਿਚ ਉਠਨ ਵਾਲੇ ਭਾਵ ਜਾਂ ਵਿਚਾਰ ਨਾਲ ਦਿਮਾਗ ਨੂੰ ਪ੍ਰਭਾਵਿਤ ਕਰਨਾ ਹੈ।

ਸਰੀਰਕ ਕਿਰਿਆਵਾਂ ਅਤੇ ਸਾਹ ਦੇ ਅਭਿਆਸ, ਭੌਤਿਕ ਸਰੀਰ ਨੂੰ ਮਨ ਨਾਲ ਜੋੜਨ ਅਤੇ ਮਨ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਜ਼ਰੂਰੀ ਹਨ। ਜਿਵੇਂ ਰੋਟੀ ਬਣਦੀ ਤਾਂ ਆਟੇ ਨਾਲ ਹੀ ਹੈ ਪਰ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਵਿਚ ਉਚਿਤ ਮਾਤਰਾ ਵਿਚ ਪਾਣੀ ਪਾ ਕੇ ਉਸ ਨੂੰ ਗੁੰਨ੍ਹਣਾ ਅਤੇ ਉਸ ਨੂੰ ਤਿਆਰ ਕਰਨਾ, ਜਿਸ ਨਾਲ ਰੋਟੀ ਸਹੀ ਆਕਾਰ ਦੀ ਅਤੇ ਖਾਣ ਵਿਚ ਚੰਗੀ ਬਣੇ, ਉਸੇ ਹੀ ਤਰ੍ਹਾਂ ਮਨ ਨੂੰ ਅਲਫਾ ਅਵਸਥਾ ਵਿਚ ਲਿਜਾਣ ਦੇ ਲਈ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ। ਚੇਤਨ ਮਨ ਦੁਆਰਾ ਅਵਚੇਤਨ ਮਨ ਨੂੰ ਪ੍ਰਭਾਵਿਤ ਕਰਨਾ ਵੀ ਅਸਲ ਇਲਾਜ ਵਿਧੀ ਹੈ ਅਤੇ ਇਕਾਗਰਤਾ ਅਤੇ ਧਿਆਨ ਦੇ ਬਿਨਾਂ ਇਹ ਅਸੰਭਵ ਹੈ। ਇਕਾਗਰਤਾ ਅਤੇ ਧਿਆਨ ਨਾਲ ਅਸੀਂ ਅਲਫਾ ਲੈਵਲ ਵਿਚ ਪਹੁੰਚ ਜਾਂਦੇ ਹਾਂ ਜਾਂ ਕਹੋ ਅਲਫਾ ਲੈਵਲ ਵਿਚ ਪਹੁੰਚ ਕੇ ਹੀ ਇਕਾਗਰਤਾ ਅਤੇ ਧਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਅਲਫਾ ਅਵਸਥਾ ਕਹੋ ਜਾਂ ਧਿਆਨ ਅਤੇ ਇਕਾਗਰਤਾ ਦੀ ਅਵਸਥਾ ਇਸੇ ਅਵਸਥਾ ਵਿਚ ਚੇਤਨ ਮਨ, ਅਵਚੇਤਨ ਮਨ ਨੂੰ ਪ੍ਰਭਾਵਿਤ ਕਰਦਾ ਹੈ। ਆਮ ਅਵਸਥਾ ਵਿਚ ਵੀ ਸੋਚੇ ਹੋਏ ਵਿਚਾਰ ਅਸਲੀਅਤ ਵਿਚ ਤਬਦੀਲ ਹੋ ਜਾਂਦੇ ਹਨ।

ਜੇਕਰ ਤੁਸੀਂ ਧਿਆਨ ਅਵਸਥਾ ਦੇ ਬਿਨਾਂ ਦੁਹਰਾਅ ਰਹੇ ਹੋ ਕਿ ਮੈਂ ਤੰਦਰੁਸਤ ਹੋ ਰਿਹਾ ਹਾਂ ਤਾਂ ਉਸ ਹਾਲਤ ਵਿਚ ਤੁਹਾਡੇ ਵਿਚਾਰ, ਸੰਕਲਪ ਦੇ ਵਿਰੋਧੀ ਵਿਚਾਰ ਵੀ ਪੈਦਾ ਹੋ ਜਾਂਦੇ ਹਨ।

ਧਿਆਨ ਜਾਂ ਇਕਾਗਰਤਾ ਦੀ ਅਵਸਥਾ ਵਿਚ ਹੀ ਕਿਸੇ ਮਨਚਾਹੇ ਵਿਚਾਰ ਨੂੰ ਰੱਖਿਆ ਜਾ ਸਕਦਾ ਹੈ। ਇਸੇ ਹਾਲਤ ਵਿਚ ਹੀ ਦਵੰਦ ਤੋਂ ਮੁਕਤੀ ਸੰਭਵ ਹੈ। ਇਸ ਅਵਸਥਾ ਲਈ ਮਨ ਦੀ ਗਹਿਰਾਈ ਵਿਚ ਉਤਰਨਾ ਜਾਂ ਅਲਫਾ ਪੱਧਰ ਵਿਚ ਪਹੁੰਚਣਾ ਜ਼ਰੂਰੀ ਹੈ। ਇਹੀ ਉਹ ਅਵਸਥਾ ਹੈ, ਜਿਥੋਂ ਅਸੀਂ ਰੋਗ ਨੂੰ ਨਿਰਮੂਲ ਕਰ ਸਕਦੇ ਹਾਂ ਜਾਂ ਰੋਗ ਦੀ ਦਰਦ ਤੋਂ ਮੁਕਤ ਹੋ ਸਕਦੇ ਹਾਂ।

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**



ਕਹਾਣੀ

# ਇਕ ਪੰਥ ਦੋ ਕਾਜ

ਡਾ. ਜਸਵਿੰਦਰ ਕੌਰ ਬਿੰਦਰਾ

ਨੀਤਾ ਨੂੰ ਅੱਜ ਘਰ ਜਾਣ ਦੀ ਬਹੁਤ ਜਲਦੀ ਸੀ। ਕਾਲਜ ਵਿੱਚ ਪੜ੍ਹਾਉਂਦੇ ਹੋਏ ਵੀ ਉਹ ਕੁਝ-ਕੁਝ ਦੇਰ ਬਾਅਦ ਘੜੀ ਦੇਖ ਰਹੀ ਸੀ। ਉਸ ਨੇ ਬੱਚਿਆਂ ਨੂੰ ਛੇਤੀ ਪਾਠ ਖਤਮ ਕਰਵਾ ਦਿੱਤਾ ਤੇ ਉਨ੍ਹਾਂ ਨੂੰ ਕਿਹਾ, ਉਹ ਆਪਣਾ-ਆਪਣਾ ਸਬਕ ਯਾਦ ਕਰਨ। ਉਹ ਛੁੱਟੀ ਦੀ ਘੰਟੀ ਵੱਜਣ ਦਾ ਇੰਤਜ਼ਾਰ ਕਰਨ ਲੱਗੀ। ਬੱਚੇ ਵੀ ਸਬਕ ਯਾਦ ਕਰਨ ਦੀ ਬਜਾਏ ਇੱਧਰ-ਉਧਰ ਦੇਖਣ ਲੱਗੇ। ਕਈ ਬੱਚੇ ਆਪਣਾ ਬੈਗ ਸਮੇਟਣ ਲੱਗ ਪਏ। ਮੋਹਣ ਆਪਣੀ ਪੈਂਸਿਲ ਲੈਣ ਰਵੀ ਕੋਲ ਗਿਆ। ਉਸ ਨੂੰ ਆਪਣੀ ਪੈਂਸਿਲ ਕਾਫੀ ਛੋਟੀ ਲੱਗੀ। ਰਵੀ ਨੇ ਪੈਂਸਿਲ ਨੂੰ ਬਹੁਤਾ ਹੀ ਘਿੱਸ ਦਿੱਤਾ ਸੀ। ਦੋਵਾਂ ਵਿੱਚ ਤਕਰਾਰ ਹੋਣ ਲੱਗੀ। ਸ਼ੋਰ ਸੁਣ ਕੇ ਨੀਤਾ ਨੇ ਦੋਵਾਂ ਨੂੰ ਡਾਂਟਿਆ, ਫਿਰ ਪੁੱਛਿਆ, "ਕਿਉਂ ਸ਼ੋਰ ਮਚਾ ਰਹੇ ਹੋ?" "ਮੈਡਮ, ਦੇਖੋ ਨਾ, ਰਵੀ ਨੇ ਮੇਰੀ ਪੈਂਸਿਲ ਕਿੰਨੀ ਛੋਟੀ ਕਰ ਦਿੱਤੀ।

"ਮੈਡਮ, ਪੈਂਸਿਲ ਇਕਦਮ ਕੱਚੀ ਸੀ। ਵਾਰ-ਵਾਰ ਸਿੱਕਾ ਟੁੱਟ ਰਿਹਾ ਸੀ। ਇਸ ਲਈ ਮੈਨੂੰ ਵਾਰ-ਵਾਰ ਬਲੇਡ ਨਾਲ ਬਣਾਉਣੀ ਪੈ ਰਹੀ ਸੀ।" ਰਵੀ ਨੇ ਸਫਾਈ ਦਿੱਤੀ।

"ਕੋਈ ਗੱਲ ਨਹੀਂ। ਦੇਖ ਮੋਹਨ, ਤੂੰ ਆਪਣੇ ਮਿੱਤਰ ਦੀ ਮਦਦ ਕੀਤੀ, ਇਹ ਬਹੁਤ ਚੰਗੀ ਗੱਲ ਏ।" ਨੀਤਾ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ, "ਪਰ ਝਗੜਾ ਕਰਨ ਦੀ ਬਜਾਏ ਤੂੰ ਆਪਣੇ ਮਿੱਤਰ ਦੀ ਗੱਲ ਤਾ ਸੁਣ..."

ਮੋਹਨ ਤੇ ਰਵੀ ਚੁੱਪਚਾਪ ਆਪਣੀ ਅਧਿਆਪਕਾ ਦੀ ਗੱਲ ਸੁਨਣ ਲੱਗੇ। ਅਧਿਆਪਕਾ ਨੇ ਅੱਗੇ ਕਿਹਾ, "ਹੋ ਸਕਦਾ ਏ, ਪੈਂਸਿਲ ਸਚਮੁੱਚ ਟੁੱਟ ਰਹੀ ਹੋਵੇ, ਤੇ ਰਵੀ ਠੀਕ ਹੀ ਕਹਿ ਰਿਹਾ ਹੋਵੇ।"

"ਮੈਡਮ, ਮੈਂ ਕੱਲ੍ਹ ਇਸ ਨੂੰ ਨਵੀਂ ਪੈਂਸਿਲ ਲਿਆ ਦੇਵਾਂਗਾ।" ਰਵੀ ਨੇ ਨਾਰਾਜ਼ਗੀ ਦਿਖਾਉਂਦੇ ਹੋਏ ਕਿਹਾ।

"ਨਾ ਵੀ ਲਿਆ ਸਕੇ,ਤਾਂ ਵੀ ਕੋਈ ਗੱਲ ਨਹੀਂ।" ਨੀਤਾ ਨੇ ਰਵੀ ਨੂੰ ਪਲੋਸਦੇ ਹੋਏ ਕਿਹਾ,"ਮਿੱਤਰਤਾ ਵਿੱਚ ਬਦਲਾ ਚੁਕਾਉਣਾ ਜ਼ਰੂਰੀ ਨਹੀਂ ਹੁੰਦਾ। ਮੁਸੀਬਤ ਵੇਲੇ ਕੰਮ ਆਉਣਾ ਜ਼ਰੂਰੀ ਹੁੰਦਾ ਹੈ। ਜਿਵੇਂ ਅੱਜ ਤੇਰੀ ਮਦਦ ਮੋਹਨ ਨੇ ਕੀਤੀ। ਤੂੰ ਇਸ ਨੂੰ ਧੰਨਵਾਦ ਬੋਲ।"

"ਥੈਂਕਯੂ...ਮੋਹਨ।" ਰਵੀ ਨੇ ਆਪਣਾ ਹੱਥ ਉਸ ਵੱਲ ਵਧਾਇਆ।

"ਕੋਈ ਗੱਲ ਨਹੀਂ ਰਵੀ। ਮੇਰੇ ਕੋਲ ਇਕ ਹੋਰ ਪੈਂਸਿਲ ਹੈ।" ਮੋਹਨ ਨੇ ਹੱਥ ਮਿਲਾਉਂਦੇ ਹੋਏ ਕਿਹਾ।

"ਸ਼ਾਬਾਸ਼!" ਨੀਤਾ ਨੇ ਦੋਵਾਂ ਨੂੰ ਪਿਆਰ ਕੀਤਾ। ਐਨੇ ਨੂੰ ਛੁੱਟੀ ਦੀ ਘੰਟੀ ਵੱਜ ਗਈ।

ਕਲਾਸ ਤੋਂ ਨਿਕਲ ਤੇਜ਼-ਤੇਜ਼ ਕਦਮਾਂ ਨਾਲ ਗੇਟ ਵੱਲ ਵਧਣ ਲੱਗੀ।

"ਨੀਤਾ, ਕੀ ਗੱਲ ਏ। ਇੰਜ ਭੱਜਦੀ ਕਿਉਂ ਜਾਂਦੀ ਏ?" ਪਿੱਛੋਂ ਉਸ ਦੀ ਕੁਲੀਗ ਸੁਰੇਖਾ ਨੇ ਆਵਾਜ਼ ਦਿੱਤੀ।

"ਘਰ..ਹੋਰ ਕਿੱਥੇ?" ਨੀਤਾ ਨੇ ਮੁੜ ਕੇ ਦੇਖਿਆ।

ਸੁਰੇਖਾ ਉਸ ਦੇ ਨੇੜੇ ਆ ਗਈ। "ਘਰ ਤਾਂ ਸਾਰਿਆਂ ਨੇ ਜਾਣਾ ਏ। ਪਰ ਤੂੰ ਅੱਜ ਕੁਝ ਜ਼ਿਆਦਾ ਹੀ ਖੁਸ਼ ਲੱਗ ਰਹੀ ਏਂ।"

"ਹਾਂ, ਖੁਸ਼ੀ ਦੀ ਤਾਂ ਗੱਲ ਹੈ। ਅੱਜ ਘਰ ਮੇਰੀ ਸੀਮਾ ਦੀਦੀ ਆ ਰਹੀ ਹੈ।" ਚਹਿਕਦੇ ਹੋਏ ਨੀਤਾ ਨੇ ਦੱਸਿਆ, "ਨਾਲ ਮੇਰਾ ਭਣੇਵਾ ਮੋਹਿਤ ਆ ਰਿਹਾ ਹੈ।"

"ਕਿੰਨਾ ਵੱਡਾ ਏ ਤੇਰਾ ਭਣੇਵਾ?"

"ਦੋ ਸਾਲਾਂ ਦਾ ਹੋਣ ਵਾਲਾ ਏ। ਮੈਂ ਉਸ ਨਾਲ ਖੂਬ ਖੇਡਾਂਗੀ।"

"ਤੈਨੂੰ ਬੱਚੇ ਬਹੁਤ ਚੰਗੇ ਲੱਗਦੇ ਹਨ?" ਸੁਰੇਖਾ ਨੇ ਹੱਸਦੇ ਹੋਏ ਕਿਹਾ।

"ਹਾਂ, ਬੱਚਿਆਂ ਨਾਲ ਜੁੜ ਕੇ ਇੰਜ ਲੱਗਦਾ ਏ, ਜਿਵੇਂ ਅਸੀਂ ਸਹਿਜ ਹੋਈਏ। ਬਨਾਵਟ ਤੇ ਦਿਖਾਵੇ ਤੋਂ ਇਕਦਮ ਦੂਰ।" ਦੋਵੇਂ ਗੇਟ ਤੱਕ ਆ ਪੁੱਜੀਆਂ ਸਨ। ਦੋਵਾਂ ਨੇ ਇਕ-ਦੂਜੇ ਤੋਂ ਵਿਦਾ ਲਈ।

"ਦੀਦੀ...।" ਨੀਤਾ ਨੇ ਪਲੰਘ ਤੇ ਬੈਠੀ ਆਪਣੀ ਭੈਣ ਨੂੰ ਪੁਕਾਰਿਆ।

"ਔਹ ਨੀਤਾ! ਤੂੰ ਆ ਗਈ।" ਸੀਮਾ ਪਲੰਘ ਤੋਂ ਉਤਰੀ ਤੇ ਦੋਵੇਂ ਇਕ ਦੂਜੇ ਨਾਲ ਲਿਪਟ ਗਈਆਂ।

"ਤੂੰ ਐਨੀ ਕਮਜ਼ੋਰ ਕਿਉਂ ਹੋ ਗਈ ਏ?" ਸੀਮਾ ਨੇ ਭੈਣ ਦੇ ਚਿਹਰੇ ਨੂੰ ਧਿਆਨ ਨਾਲ ਨਿਹਾਰਦੇ ਦੇਖ ਕੇ ਕਿਹਾ।

"ਮੈਂ ਕਮਜ਼ੋਰ ਨਹੀਂ ਹੋਈ ਦੀਦੀ। ਤੂੰ ਪਹਿਲੇ ਤੋਂ ਜ਼ਿਆਦਾ ਮੋਟੀ ਹੋ ਗਈ ਏਂ।" ਨੀਤਾ ਨੇ ਭਰੇ-ਭਰੇ ਜਿਸਮ ਵਾਲੀ ਆਪਣੀ ਭੈਣ ਨੂੰ ਦੇਖ ਕੇ ਕਿਹਾ।

"ਕੀ ਸੱਚ ਬੜੀ ਮੋਟੀ ਲੱਗ ਰਹੀ ਹਾਂ।" ਤੌਖਲੇ ਨਾਲ ਭਰੀ ਸੀਮਾ ਨੇ ਪੁੱਛਿਆ।

"ਹੂੰ, ਥੋੜੀ ਮੋਟੀ ਤਾਂ ਹੋ ਗਈ ਏਂ।"

"ਹੱਛਾ, ਆ ਇੱਥੇ ਬੈਠ...।" ਸੀਮਾ ਨੇ ਨੀਤਾ ਨੂੰ ਆਪਣੇ ਕੋਲ ਬਿਠਾ ਲਿਆ।

"ਦੀਦੀ, ਮੋਹਿਤ ਕਿੱਥੇ ਹੈ?" ਅਚਾਨਕ ਜਿਵੇਂ ਨੀਤਾ ਨੂੰ ਯਾਦ ਆ ਗਿਆ।

"ਮੋਹਿਤ...ਮੈਂ ਤਾਂ ਉਸ ਨੂੰ ਨਾਲ ਲਿਆਈ ਨਹੀਂ।" ਸੀਮਾ ਨੇ ਜ਼ਰਾ ਸ਼ੋਖੀ ਨਾਲ ਕਿਹਾ।

"ਇਹ ਕੀ ਗੱਲ ਹੋਈ। ਫਿਰ ਆਪ ਕਿਉਂ ਇੱਥੇ ਆਈ ਏਂ?" ਨੀਤਾ ਨੇ ਥੋੜਾ ਤੁਨਕ ਕੇ ਕਿਹਾ।

"ਅੱਛਾ, ਤੇ ਤੂੰ ਮੈਨੂੰ ਮਿਲ ਕੇ ਖੁਸ਼ ਨਹੀਂ ਹੋਈ। ਜਾਂ, ਮੈਂ ਹੁਣ ਤੇਰੇ ਨਾਲ ਗੱਲ ਹੀ ਨਹੀਂ ਕਰਨੀ।" ਸੀਮਾ ਨੇ ਮੂੰਹ ਫੁਲਾ ਲਿਆ।

"ਨਹੀਂ, ਨਹੀਂ। ਇਹ ਗੱਲ ਨਹੀਂ। ਪਰ ਮੋਹਿਤ...। ਮਾਂ ਕੋਲ ਏ।" ਨੀਤਾ ਨੇ ਆਸੇ-ਪਾਸੇ ਨਿਗਾਹ ਮਾਰੀ।

"ਰੁਕਮੀ ਕੋਲ ਏ।"

ਇਹ ਰੁਕਮੀ ਕੌਣ ਏ ਦੀਦੀ?"

ਮੋਹਿਤ ਨੂੰ ਚੁੱਕਣ-ਖਿਡਾਉਣ ਲਈ ਰੱਖੀ ਏ।"

"ਤੇਰਾ ਮਤਲਬ...ਆਯਾ...।"

"ਆਯਾ ਹੀ ਸਮਝ ਲੈ।"

"ਰੁਕਮੀ...ਨੀ ਰੁਕਮੀ...। ਮੋਹਿਤ ਚੁੱਪ ਹੋ ਗਿਆ ਏ ਤੇ ਉਸ ਨੂੰ ਅੰਦਰ ਲੈ ਆ।"

ਐਨੇ ਨੂੰ ਅੱਠ-ਦੱਸ ਸਾਲ ਦੀ ਇਕ ਬੱਚੀ ਅੰਦਰ ਆਈ। ਉਸ ਨੇ ਮੋਹਿਤ ਨੂੰ ਚੁੱਕਿਆ ਹੋਇਆ ਸੀ। ਬੱਚਾ ਉਸ ਕੋਲੋਂ ਉਛਲਦਾ ਜਾਂਦਾ ਸੀ।

"ਧਿਆਨ ਨਾਲ ਚੁੱਕ ਇਸ ਨੂੰ।" ਸੀਮਾ ਨੇ ਕੁੜੀ ਨੂੰ ਡਾਂਟਿਆ, "ਵੇਖ, ਜ਼ਰਾ ਕਿੰਨਾ ਉਛਲਦਾ ਪਿਆ ਏ।"

"ਉਹ ਤਾਂ ਡਿੱਗੇਗਾ ਹੀ..., ਐਨੀ ਛੋਟੀ ਬੱਚੀ ਦੇ ਹੱਥ ਬੱਚਾ ਤੂੰ ਦਿੱਤਾ ਹੀ ਕਿਉਂ ਏ ਦੀਦੀ?" ਨੀਤਾ ਨੇ ਮੋਹਿਤ ਨੂੰ ਚੁੱਕ ਲਿਆ। ਉਹ ਭਣੇਵੇ ਨੂੰ ਪਿਆਰ ਕਰਨ ਲੱਗੀ।

ਬੱਚਾ ਮਚਲਣ ਲੱਗਾ। ਮਾਂ ਵੱਲ ਅਹੁਲਣ ਲੱਗਾ। ਸੀਮਾ ਨੇ ਬੱਚਾ ਲੈ ਲਿਆ। ਬੋਲੀ, "ਰੁਕਮੀ, ਜਾ, ਛੇਤੀ ਨਾਲ ਜਾ। ਇਸ ਦਾ ਦੁੱਧ ਬੋਤਲ ਵਿੱਚ ਪਾ ਕੇ ਲੈ ਆ। ਨਹੀਂ ਤਾਂ ਹੁਣੇ ਰੋਣ ਲੱਗ ਪਏਗਾ।

ਰੁਕਮੀ ਸਿਰ ਝੁਕਾਏ ਕਮਰੇ ਤੋਂ ਬਾਹਰ ਨਿਕਲ ਗਈ।" ਨਾਲੇ ਸੁਣ, ਬੋਤਲ ਚੰਗੀ ਤਰ੍ਹਾਂ ਧੋ ਲਵੀਂ। ਦੁੱਧ ਬਹੁਤਾ ਗਰਮ ਨਾ ਕਰੀਂ।

ਨੀਤਾ ਨੇ ਪਹਿਲਾ ਰੁਕਮੀ ਵੱਲ ਫਿਰ ਆਪਣੀ ਭੈਣ ਵੱਲ ਦੇਖਿਆ।

"ਇਹ ਕੁੜੀ ਕੌਣ ਏ, ਦੀਦੀ?"

"ਤੈਨੂੰ ਹੁਣੇ ਤਾਂ ਦੱਸਿਆ, ਮੋਹਿਤ ਲਈ ਰੱਖੀ ਏ।"

"ਪਰ ਤੂੰ ਤਾਂ ਆਯਾ ਕਹਿ ਰਹੀ ਸੀ।

"ਜਿਹੜੀ ਬੱਚੇ ਨੂੰ ਚੁੱਕੇਗੀ, ਖਿਡਾਵੇਗੀ, ਦੇਖੇਗੀ... ਉਸ ਨੂੰ ਕੀ ਕਹਾਂਗੇ? ਤੂੰ ਦੱਸ?" ਸੀਮਾ ਆਪਣੇ ਪੁੱਤਰ ਨਾਲ ਲਾਡ ਕਰਨ ਲੱਗੀ।

"ਪਰ ਇਹ ਤਾਂ ਆਪ ਹੀ ਛੋਟੀ ਜਿਹੀ ਬੱਚੀ ਹੈ।"

"ਫਿਰ ਕੀ ਹੋਇਆ? ਘਰ ਵਿੱਚ ਰੱਖਣ ਲਈ ਛੋਟੀ ਕੁੜੀ ਹੀ ਠੀਕ ਰਹਿੰਦੀ ਹੈ।"

"ਪਰ ਦੀਦੀ, ਇਸ ਨੂੰ ਬੱਚਾ ਸੰਭਾਲਣਾ ਆਉਂਦਾ ਏ?"

"ਆਉਂਦਾ ਕਿਉਂ ਨਹੀਂ? ਘਰ ਆਪਣੇ ਛੋਟੇ ਭੈਣ ਭਰਾਵਾਂ ਨੂੰ ਨਹੀਂ ਸੰਭਾਲਦੀ?"

"ਤੈਨੂੰ ਇਹ ਕਿੱਥੇ ਮਿਲੀ?"

"ਮੇਰੇ ਘਰ ਜਿਹੜੀ ਬਾਈ ਕੰਮ ਕਰਦੀ ਏ, ਇਹ ਉਸ ਦੀ ਭਤੀਜੀ ਏ।"

"ਤੂੰ ਕਿਹਾ ਇਸ ਨੂੰ ਲਿਆਉਣ ਲਈ?"

"ਉਸ ਦਾ ਭਰਾ ਇਕ ਹਾਦਸੇ ਵਿੱਚ ਮਰ ਗਿਆ। ਘਰ ਵਿੱਚ ਕੁੱਲ ਅੱਠ ਜੀਅ ਹਨ। ਬੜੀ ਮੁਸ਼ਕਿਲ ਨਾਲ ਗੁਜ਼ਾਰਾ ਚੱਲਦਾ ਏ।"

"ਫਿਰ..."

"ਫਿਰ ਕੀ, ਮੈਨੂੰ ਤਰਸ ਆ ਗਿਆ। ਮੈਂ ਕਿਹਾ, ਮੁੰਨਾ ਅਜੇ ਛੋਟਾ ਏ। ਉਸ ਨੂੰ ਚੁੱਕਣ ਲਈ ਕਿਸੇ ਨੂੰ ਲੈ ਆ।"

"ਤੇ ਉਹ ਇਸ ਛੋਟੀ ਜਿਹੀ ਬੱਚੀ ਨੂੰ ਲੈ ਆਈ।"

"ਤੂੰ ਕੀ ਵਾਰ-ਵਾਰ -ਛੋਟੀ ਦੀ ਰਟ ਲਾਈ ਹੋਈ ਏ।"

"ਤਾਂ ਕੀ ਇਹ ਛੋਟੀ ਨਹੀਂ...।"

ਭਈ, ਛੋਟੀ ਹੈ ਵੀ ਤਾਂ ਕੀ ਹੋਇਆ? ਉਸ ਤੋਂ ਹੋਰ ਕਿਹੜਾ ਕੰਮ ਕਰਵਾਉਣਾ ਏ। ਬਸ ਜ਼ਰਾ ਬੱਚੇ ਨੂੰ ਚੁੱਕ-ਖਿਡਾ ਲੈਂਦੀ ਏ।"

"ਦੀਦੀ, ਬੱਚੇ ਦਾ ਕੰਮ ਕੀ ਐਨਾ ਹੀ ਹੁੰਦਾ ਏ।"

ਫਿਰ...ਬੱਚੇ ਨਾਲ ਹੋਰ ਕੀ...।"

"ਜੇ ਬੱਚੇ ਦਾ ਕੰਮ ਐਨਾ ਜਿਹਾ ਹੀ ਹੁੰਦਾ ਹੈ ਤਾਂ ਤੂੰ ਇਸ ਨੂੰ ਆਯਾ ਦੇ ਤੌਰ 'ਤੇ ਰੱਖਿਆ ਹੀ ਕਿਉਂ?"

"ਇਹ ਤੂੰ ਆਉਂਦਿਆ ਹੀ ਕੀ ਬਹਿਸ ਕਰਨ ਲੱਗ ਪਈ ਏ ਭੈਣ ਨਾਲ?" ਉਨ੍ਹਾਂ ਦੀ ਮਾਂ ਨੇ ਕਮਰੇ ਵਿੱਚ ਦਾਖਲ ਹੁੰਦੇ ਹੋਏ ਕਿਹਾ। ਉਹ ਹੁਣੇ-ਹੁਣੇ ਰਸੋਈ ਵਿੱਚ ਕੰਮ ਮੁਕਾ ਕੇ ਆਈ ਸੀ।

"ਜਾ, ਕਿਹੜੇ ਵੇਲੇ ਦੀ ਸਕੂਲੋਂ ਆਈ ਏ...ਅਜੇ ਤੱਕ ਕੱਪੜੇ ਵੀ ਨਹੀਂ ਬਦਲੇ। ਛੇਤੀ ਨਾਲ ਹੱਥ-ਮੂੰਹ ਧੋ ਲੈ। ਮੈਂ ਰੋਟੀ ਪਰੋਸਦੀ ਹਾਂ।"

"ਮਾਂ, ਰੁਕਮੀ ਨੂੰ ਨਾਲ ਲੈ ਜਾਓ, ਤੁਹਾਡਾ ਹੱਥ ਵੰਡਾ ਦੇਵੇਗੀ।" ਸੀਮਾ ਨੇ ਰੁਕਮੀ ਹੱਥੋਂ ਦੁੱਧ ਦੀ ਬੋਤਲ ਲੈ, ਬੱਚੇ ਦੇ ਮੂੰਹ ਨੂੰ ਲਗਾਉਂਦੇ ਹੋਏ ਮਾਂ ਨੂੰ ਕਿਹਾ।

"ਇਹ ਭਲਾ ਕੀ ਕੰਮ ਕਰੇਗੀ?" ਮਾਂ ਨੇ ਕਿਹਾ।

"ਲੈ ਭਾਂਡੇ-ਭੁੰਡੇ ਚੁੱਕ ਲਿਆਏਗੀ ਅੰਦਰ...।"

"ਕੋਈ ਨਹੀਂ ਮੈਨੂੰ ਆਦਤ ਏ। ਮੈਂ ਆਪੇ ਹੀ ਲੈ ਆਵਾਂਗੀ।" ਕਹਿੰਦੇ ਹੋਏ ਮਾਂ ਕਮਰੇ 'ਚੋਂ ਨਿਕਲ ਗਈ।

"ਇਹ ਇੱਥੇ ਖਾਲੀ ਤਾਂ ਖੜੀ ਏ। ਮੋਹਿਤ ਨੂੰ ਸੁਵਾ ਕੇ ਮੈਂ ਆਉਂਦੀ ਹਾਂ, ਰੋਟੀ ਖਾਣ ਲਈ। ਰੁਕਮੀ, ਤੂੰ ਜਾ, ਮਾਂ ਕੋਲ ਰਸੋਈ ਵਿੱਚ...।"

"ਜੀ, ਮੈਂ ਅਜੇ ਉਸ ਦੇ ਕੱਪੜੇ ਧੋਣੇ ਨੇ।" ਰੁਕਮੀ ਨੇ ਡਰਦੇ-ਡਰਦੇ ਕਿਹਾ।

"ਕਿਹੜੇ ਕੱਪੜੇ...?

"ਜੀ, ਉਹ ਮੋਹਿਤ ਦੇ ਟੱਟੀ-ਪਿਸ਼ਾਬ ਵਾਲੇ ਪਏ ਨੇ।"

"ਹਾਏ ਰੱਬਾ ! ਤੂੰ ਉਹ ਅਜੇ ਤੱਕ ਨਹੀਂ ਧੋਤੇ। ਕਰਦੀ ਕੀ ਪਈ ਸੀ ਐਨੀ ਦੇਰ ਦੀ? ਇਹ ਮੁੰਡਾ ਵੀ ਨਾ, ਮਿੰਟ-ਮਿੰਟ ਨੂੰ ਨਿੱਕਰ ਗਿੱਲੀ ਕਰ ਦਿੰਦਾ ਏ। ਜਾ, ਜਾ ਕੇ ਛੇਤੀ ਨਾਲ ਧੋ ਕੇ ਪਾ ਆ। ਨਹੀਂ ਤਾਂ ਸੁੱਕਣ ਨਹੀਂ ਲੱਗੇ...ਹੁਣ ਫਿਰ ਲੋੜ ਪੈ ਜਾਸੀ।" ਹੋਰ ਖਿੱਝਦੇ ਹੋਏ ਸੀਮਾ ਬੋਲੀ, "ਜ਼ਰਾ ਚੰਗੀ ਤਰ੍ਹਾਂ ਸਾਫ਼ ਕਰੀਂ। ਪਾਣੀ ਨਿਚੋੜ ਕੇ ਰੱਸੀ ਤੇ ਸੁੱਕਣੇ ਪਾਈਂ।"

ਰੁਕਮੀ ਤੇਜ਼ੀ ਨਾਲ ਬਾਹਰ ਨਿਕਲ ਗਈ।

"ਨੀ ਰੁਕਮੀ...ਕਿੱਥੇ ਵੇ...?" ਮਾਂ ਨੇ ਉਸ ਨੂੰ ਜ਼ੋਰ ਦੀ ਵਾਜ਼ ਮਾਰੀ।

"ਹੁਣ ਤੁਸੀਂ ਕਿਸ ਕੰਮ ਲਈ ਉਸ ਨੂੰ ਬੁਲਾ ਰਹੇ ਹੋ?" ਨੀਤਾ ਮਾਂ ਪਿੱਛੇ ਰਸੋਈ ਵਿੱਚ ਆ ਖੜੀ ਹੋਈ ਸੀ।

"ਕੰਮ ਵਾਸਤੇ ਨਹੀਂ...ਮੈਂ ਤਾਂ ਕਹਿ ਰਹੀ ਸੀ...ਕੁੜੀ ਰੋਟੀ ਖਾ ਲਵੇ।"

ਮਾਂ-ਧੀਆਂ ਰਲ ਕੇ ਰੋਟੀ ਖਾਣ ਲੱਗੀਆਂ। "ਰੁਕਮੀ, ਕਿੱਥੇ ਏ ਦੀਦੀ?" ਨੀਤਾ ਨੇ ਰੋਟੀ ਖਾਂਦੇ ਹੋਏ ਪੁੱਛਿਆ।

"ਉਹ ਕੱਪੜੇ ਧੋ ਰਹੀ ਏ...। ਹੁਣੇ ਆ ਜਾਂਦੀ ਏ।" ਸੀਮਾ ਨੇ ਖਾਂਦੇ ਹੋਏ ਲਾਪ੍ਰਵਾਹੀ ਨਾਲ ਕਿਹਾ।

"ਕੱਪੜੇ...ਦੀਦੀ ਤੂੰ ਉਸ ਤੋਂ ਕੱਪੜੇ ਵੀ ਧੁਆਉਂਦੀ ਏ?"

"ਔਹ ਹੋ, ਮੋਹਿਤ ਦੀਆਂ ਦੋ-ਚਾਰ ਨਿੱਕਰਾਂ ਗੰਦੀਆਂ ਪਈਆਂ ਸਨ। ਬਸ, ਉਹੀ ਧੋਣ ਗਈ ਏ...।"

"ਹਾਏ ਰੱਬਾ" ਨੀਤਾ ਝਟਪੱਟ ਰੋਟੀ ਖਾ ਕੇ ਉਠ ਖੜੀ ਹੋਈ ਤੇ ਕਮਰੇ 'ਚੋਂ ਬਾਹਰ ਨਿਕਲ ਗਈ।

ਰੁਕਮੀ ਪਿਛਵਾੜੇ ਵਿਹੜੇ ਵਿੱਚ ਸੀ। ਆਪਣੇ ਛੋਟੇ-ਛੋਟੇ ਹੱਥਾਂ ਨਾਲ

ਮੋਹਿਤ ਦੇ ਗੰਦੇ ਕੱਪੜੇ ਧੋ ਰਹੀ ਸੀ।

"ਸੁਣ, ਮੈਂ ਕੱਪੜੇ ਪਾ ਦਿੰਦੀ ਹਾਂ। ਤੂੰ ਜਾ ਕੇ...ਰੋਟੀ ਖਾ ਲੈ।" ਨੀਤਾ ਨੇ ਉਸ ਹੱਥੋਂ ਨਿੱਕਰ ਲੈ ਲਈ।

"ਨਹੀਂ ਬੀਬੀ ਜੀ, ਮੈਂ ਕਰ ਦਿੰਦੀ ਹਾਂ।" ਰੁਕਮੀ ਨੇ ਹੌਲੀ ਜਿਹੀ ਕਿਹਾ।

"ਨਹੀਂ ਤੂੰ ਜਾ...।"

"ਰੁਕਮੀ, ਨੀ ਰੁਕਮ...ਅਜੇ ਮੁੱਕੇ ਨਹੀਂ ਤੇਰੇ ਕੱਪੜੇ...।"

"ਜੀ, ਆ...ਈ।"

"ਇਹ ਮੁੰਨੇ ਨੂੰ ਚੁੱਕ ਕੇ ਬਾਹਰ ਲੈ ਜਾ...। ਬਹੁਤ ਤੰਗ ਕਰਦਾ ਪਿਆ ਏ।" ਰੋਂਦੇ ਹੋਏ ਬੱਚੇ ਨੂੰ ਸੀਮਾ ਨੇ ਰੁਕਮੀ ਨੂੰ ਫੜਾਇਆ। ਪਰ ਬੱਚਾ ਉਸ ਕੋਲ ਜਾਣ ਲਈ ਤਿਆਰ ਨਹੀਂ ਸੀ।

"ਲੈ ਜਾ ਨਾ..., ਇਸ ਨੂੰ ਬਾਹਰ...।ਅਜੇ ਤੱਕ ਇੱਥੇ ਹੀ ਖੜ੍ਹੀ ਏ?"

"ਉਹ ਆ ਨਹੀਂ ਰਿਹਾ ਬੀਬੀਜੀ...।"

"ਤੂੰ ਇਸ ਨੂੰ ਬਾਹਰ ਲੈ ਜਾ... ਆਪੇ ਚੁੱਪ ਕਰ ਜਾਏਗਾ।... ਇੰਜ ਕਰ ਕੋਈ ਖਿਡੌਣਾ ਵੀ ਨਾਲ ਲੈ ਜਾ।"

ਮੋਹਿਤ ਨੂੰ ਜ਼ਬਰਦਸਤੀ ਰੁਕਮੀ ਚੁੱਕ ਕੇ ਬਾਹਰ ਲੈ ਆਈ। ਉਸ ਦੇ ਹੱਥ ਵਿੱਚ ਦੋ-ਤਿੰਨ ਖਿਡੌਣੇ ਵੀ ਸਨ। ਮੋਹਿਤ ਕੁਝ ਦੇਰ ਤੱਕ ਝੁੰਜਲਾਉਂਦਾ ਰਿਹਾ, ਫਿਰ ਖਿਡੌਣਿਆਂ ਵਿੱਚ ਮਸਤ ਹੋ ਗਿਆ।

ਰੁਕਮੀ ਵੀ ਖਿਡੌਣੇ ਵਾਲੀ ਕਾਰ ਨਾਲ ਖੇਡਣ ਲੱਗ ਪਈ।

"ਤੂੰ ਕੀ ਕਰ ਰਹੀ ਏ...?" ਸੀਮਾ ਨੇ ਬਾਹਰ ਬਰਾਮਦੇ ਵਿੱਚ ਆ, ਜ਼ੋਰ ਦੀ ਰੁਕਮੀ ਕੋਲੋਂ ਪੁੱਛਿਆ।

"ਜੀ...ਜੀ... ਮੈਂ ਮੋਹਿਤ ਨੂੰ ਖਿਡਾ ਰਹੀ ਸੀ..." ਰੁਕਮੀ ਨੇ ਸਹਿਮ ਕੇ ਕਿਹਾ।

"ਤੂੰ ਤਾਂ ਆਪ ਖੇਡਦੀ ਪਈ ਏਂ। ਉਹ ਤਾਂ ਆਪੇ ਖੇਡਦਾ ਪਿਆ ਏ। ਜਾ... ਤੂੰ ਜਾ ਕੇ ਦੇਖ ਇਸ ਦੇ ਕੱਪੜੇ ਸੁੱਕ ਗਏ ਨੇ ਕਿ ਨਹੀਂ। ਸੁੱਕ ਗਏ ਹੋਣ ਤਾਂ ਤਹਿ ਕਰਕੇ ਰੱਖ ਦੇਵੀਂ। ਮੈਂ ਦੇਖਦੀ ਹਾਂ ਇਸ ਨੂੰ...।'

"... ਓ ਮੇਰਾ ਰਾਜਾ ਬੇਟਾ...' ਨੀਤਾ ਵੀ ਆ ਕੇ ਮੋਹਿਤ ਨਾਲ ਲਾਡ ਕਰਨ ਲੱਗੀ। "ਕਿੰਨਾ ਗੁੱਡਾ ਜਿਹਾ ਹੈ ਨਾ, ਦੀਦੀ।" ਨੀਤਾ ਉਸ ਨੂੰ ਚੁੱਕਣ ਲੱਗੀ, "ਛਿ ਛਿ ਦੀਦੀ। ਇਹ ਤਾਂ ਇਕਦਮ ਗਿੱਲਾ ਹੋਇਆ ਪਿਆ ਏ...।"

"ਚੰਗਾ ਏ, ਜ਼ਰਾ ਮਾਸੀ ਦੇ ਕੱਪੜੇ ਵੀ ਗਿੱਲੇ ਕਰੇ, "ਸੀਮਾ ਹੱਸ ਪਈ। "ਰੁਕਮੀ... ਓ ਰੁਕਮੀ.. ਜ਼ਰਾ ਪੋਚਾ ਤਾਂ ਲੈ ਕੇ ਆ। ਸਾਰਾ ਫਰਸ਼ ਗੰਦਾ ਕਰ ਦਿੱਤਾ ਏ ਇਸ ਨੇ।" ਸੀਮਾ ਨੇ ਹੋਰ ਵੀ ਜ਼ੋਰ ਦੀ ਵਾਜ਼ ਮਾਰ ਕੇ ਕਿਹਾ।

ਰੁਕਮੀ ਭੱਜਦੀ ਹੋਈ ਅੰਦਰ ਆਈ।

"ਪੋਚਾ ਨਹੀਂ ਲਿਆਈ...ਕੀ ਕਰਦੀ ਪਈ ਸੋ...?"

ਜੀ... ਓ... ਮੈਂ... ਕੱਪੜੇ ਤਹਿ...ਕ...ਰ।" ਰੁਕਮੀ ਨੇ ਅਟਕ-ਅਟਕ ਕੇ ਦੱਸਿਆ।

"ਹੱਛਾ...ਹੱਛਾ... ਉਹ ਸਭ ਬਾਅਦ ਵਿੱਚ ਕਰੀਂ। ਪਹਿਲਾਂ ਪੋਚਾ ਮਾਰ ਦੇ। ਫਿਰ ਇਸ ਦੀ ਇਕ ਨਿੱਕਰ ਲੈ ਆ।"

ਰੁਕਮੀ ਪੋਚਾ ਲੈਣ ਤੁਰ ਪਈ। "ਸੁਣ, ਇਹ ਗਿੱਲੀ ਨਿੱਕਰ ਵੀ ਨਾਲ ਲੈ ਜਾ। ਇਸ ਨੂੰ ਵੀ ਪਾਣੀ ਵਿੱਚੋਂ ਕੱਢ ਕੇ ਸੁੱਕਣੇ ਪਾ ਆਵੀਂ।"

'ਰੁਕਮੀ ਨੇ ਪੋਚਾ ਮਾਰ ਕੇ ਫਰਸ਼ ਸਾਫ ਕੀਤਾ। ਇਕ ਨਿੱਕਰ ਲਿਆ ਕੇ ਸੀਮਾ ਨੂੰ ਦਿੱਤੀ। ਮੋਹਿਤ ਨੂੰ ਨਿੱਕਰ ਪੁਵਾਉਂਦੇ ਹੋਏ ਸੀਮਾ ਬੋਲੀ, "ਇੰਜ ਕਰ... ਇਸ ਲਈ ਸੂਜੀ ਦੀ ਖੀਰ ਬਣਾ ਲਿਆ। ਇਸ ਦਾ ਟਾਈਮ ਹੋ ਰਿਹਾ ਏ...ਹੁਣੇ ਨਹੀਂ ਤਾਂ ਇਸ ਰੋਣ ਲੱਗ ਪੈਣਾ ਏ।"

"ਹੱਛਾ ਜੀ...'ਰੁਕਮੀ ਰਸੋਈ ਵੱਲ ਤੁਰ ਪਈ।

"ਇਸ ਨੂੰ ਸੂਜੀ ਦੀ ਖੀਰ ਬਣਾਉਣੀ ਆਉਂਦੀ ਏ?" ਨੀਤਾ ਨੇ ਹੈਰਾਨੀ ਨਾਲ ਪੁੱਛਿਆ।

"ਮੈਂ ਇਸ ਨੂੰ ਸਿਖਾ ਦਿੱਤੀ ਏ।" ਸੀਮਾ ਨੇ ਚਹਿਕ ਕੇ ਜਿਵੇਂ ਦੱਸਿਆ।

"ਫਿਰ ਵੀ ਦੀਦੀ?"

"ਕੀ ਫਿਰ ਵੀ...? ਉਸ ਵਿੱਚ ਕਰਨਾ ਹੀ ਕੀ ਏ...? ਸੂਜੀ ਮੈਂ ਭੁੰਨ ਕੇ ਰੱਖੀ ਹੋਈ ਏ। ਪੈਨ ਵਿੱਚ ਪਾ.. ਉਸ ਵਿੱਚ ਦੁੱਧ-ਚੀਨੀ ਹੀ ਤਾਂ ਮਿਲਾਉਣੀ ਏ..."

"ਐਨੀ ਛੋਟੀ ਬੱਚੀ...ਗੈਸ ਕੋਲ..."

"ਕੀ ਗੱਲ ਏ ਨੀਤਾ...ਜਦੋਂ ਦੀ ਮੈਂ ਆਈ ਹਾਂ...ਤੂੰ ਛੋਟੀ ਬੱਚੀ...ਛੋਟੀ ਬੱਚੀ ਕਰੀਂ ਜਾਂਦੀ ਏ...?"

"ਤੂੰ ਉਸ ਤੋਂ ਕਿੰਨਾ ਕੰਮ ਲੈਂਦੀ ਏ ਦੀਦੀ।"

"ਮੈਂ ਉਸ ਨੂੰ ਮੋਹਿਤ ਲਈ ਹੀ ਤਾਂ ਰੱਖਿਆ ਹੈ, ਥੋੜ੍ਹਾ ਜਿਹਾ ਉਸ ਨੂੰ ਸੰਭਾਲ ਲਵੇ..."

"ਪਰ ਤੂੰ ਤਾਂ ਉਸ ਤੋਂ ਹੋਰ ਵੀ ਬਹੁਤ ਸਾਰੇ ਕੰਮ ਕਰਵਾ ਰਹੀ ਏ, ਦੀਦੀ?"

ਰਸੋਈ ਵਿੱਚ ਰੁਕਮੀ ਸੂਜੀ ਦੀ ਖੀਰ ਬਣਾ ਰਹੀ ਸੀ। ਗਰਮ ਪੈਨ ਚੁੱਕਦੇ ਹੋਏ ਉਸ ਦਾ ਹੱਥ ਸੜ ਗਿਆ।

ਕਮਰੇ ਵਿੱਚ ਦੋਵੇਂ ਭੈਣਾਂ ਅਜੇ ਵੀ ਗੱਲਾਂ ਕਰ ਰਹੀਆਂ ਸਨ। "ਬਈ, ਜਦੋਂ ਮੋਹਿਤ ਸੌਂ ਜਾਂਦਾ ਹੈ ਜਾਂ ਖੇਡਦਾ ਹੁੰਦਾ ਏ, ਉਦੋਂ ਹੀ ਤਾਂ ਉਸ ਨੂੰ ਥੋੜ੍ਹਾ ਜਿਹਾ ਕੰਮ ਕਹਿ ਦਿੰਦੀ ਹਾਂ ਤਾਂ ਕੀ ਹੋਇਆ...? ਪੈਸੇ ਨਹੀਂ ਦਿੰਦੀ ਕੀ ਉਸ ਨੂੰ?" ਸੀਮਾ ਨੇ ਤਲਖ ਹੋ ਕੇ ਕਿਹਾ।

"ਉਸ ਦੀ ਇਹ ਉਮਰ ਆਪ ਖੇਡਣ ਤੇ ਪੜ੍ਹਨ ਦੀ ਹੈ, ਦੀਦੀ।"

"ਹੁਣ ਇਹ ਸਭ ਉਸ ਦੀ ਕਿਸਮਤ ਵਿੱਚ ਨਹੀਂ... ਤਾਂ ਇਸ ਵਿੱਚ ਮੈਂ ਕੀ ਕਰ ਸਕਦੀ ਹਾਂ। ਦੇਖਿਆ ਜਾਵੇ ਤਾਂ ਮੈਂ.. ਕਿਸ ਤਰ੍ਹਾਂ ਨਾਲ ਉਸ ਦੇ ਪਰਿਵਾਰ ਦੀ ਮਦਦ ਹੀ ਕਰ ਰਹੀ ਹਾਂ।"

"ਕਿਵੇਂ ਭਲਾ...?"

"...ਲੈ...। ਇਹ ਕੁੜੀ ਇੱਥੇ ਰਹਿੰਦੀ ਏ, ਇਸ ਨੂੰ ਚੰਗਾ ਖਾਣ-ਪੀਣ-ਪਹਿਨਣ ਨੂੰ ਮਿਲਦਾ ਏ। ਆਪਣੇ ਘਰ ਤਾਂ ਭੁੱਖੇ ਮਰਨ ਦੀ ਨੌਬਤ ਸੀ।"

"ਤਨਖ਼ਾਹ ਦਿੰਦੀ ਏਂ, ਦੀਦੀ, ਜਾਂ ਸਿਰਫ ਖਾਣਾ-ਕੱਪੜਾ ਹੀ...?"

"ਤਨਖ਼ਾਹ ਤਾਂ ਇਸ ਦੀ ਭੂਆ ਇਸ ਦੀ ਮਾਂ ਨੂੰ ਪਹੁੰਚਾ ਦਿੰਦੀ ਏ। ਕਿਉਂ ਹੋਈ ਨਾ ਮਦਦ।"

"ਉਹ ਤਾਂ ਠੀਕ ਏ, ਦੀਦੀ। ਪਰ ਐਨੇ ਛੋਟੇ ਬੱਚਿਆਂ ਤੋਂ ਕੰਮ ਕਰਵਾਉਣਾ ਕਾਨੂੰਨੀ ਅਪਰਾਧ ਹੈ।"

"ਮੈਂ ਉਸ ਨੂੰ ਖਾਣਾ-ਪੈਸਾ ਦੇ ਰਹੀ ਹਾਂ...। ਇਹ ਅਪਰਾਧ ਏ...?"

"ਹਾਂ, ਕਾਨੂੰਨ ਦੀ ਨਜ਼ਰ ਵਿੱਚ ਇਹ ਅਪਰਾਧ ਏ...।"

"ਇਹ ਕਿਹੋ ਜਿਹਾ ਕਾਨੂੰਨ ਏ ਭਲਾ...?"

"ਚੌਦਾਂ ਵਰ੍ਹਿਆਂ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਅਸੀਂ ਕਾਰਖਾਨੇ, ਦੁਕਾਨਾਂ, ਘਰਾਂ ਵਿੱਚ ਕੰਮ ਨਹੀਂ ਲੈ ਸਕਦੇ, ਦੀਦੀ।"

"ਘਰਾਂ ਵਿੱਚ ਵੀ ਨਹੀਂ...।"

"ਨਹੀਂ, ਘਰੇਲੂ ਕੰਮਾਂ ਵਿੱਚ ਨਹੀਂ।"

"ਕਿਉਂ?"

"ਕਿਉਂਕਿ ਸਾਰੇ ਬੱਚਿਆਂ ਨੂੰ ਖੇਡਣ ਤੇ ਪੜ੍ਹਨ ਦਾ ਅਧਿਕਾਰ ਹੈ। ਉਨ੍ਹਾਂ ਦਾ ਬਚਪਨ ਸਾਨੂੰ ਖੋਹਣਾ ਨਹੀਂ ਚਾਹੀਦਾ।"

"ਪਰ ਪਿੰਡਾਂ ਵਿੱਚ ਤਾਂ ਇਨ੍ਹਾਂ ਦੇ ਮਾਂ-ਬਾਪ ਇਨ੍ਹਾਂ ਤੋਂ ਕੰਮ ਲੈਂਦੇ ਹਨ, ਉਦੋਂ ਪੁਲਿਸ ਉਨ੍ਹਾਂ ਨੂੰ ਕਿਉਂ ਕੁਝ ਨਹੀਂ ਕਹਿੰਦੀ? ਕਾਨੂੰਨ ਇਨ੍ਹਾਂ ਦੇ ਮਾਂ-ਬਾਪ ਨੂੰ ਸਜ਼ਾ ਕਿਉਂ ਨਹੀਂ ਦਿੰਦਾ?"

"ਦੀਦੀ, ਕਾਨੂੰਨ ਤਾਂ ਹੋਰ ਵੀ ਬਹੁਤ ਕੁਝ ਕਹਿੰਦਾ ਏ। ਪਰ ਸਾਡੇ ਦੇਸ਼ ਵਿੱਚ ਕੋਈ ਸੁਣੇ ਤਾਂ ਨਾ...।" ਨੀਤਾ ਨੇ ਗੱਲ ਜਾਰੀ ਰੱਖੀ, "ਸਰਕਾਰ ਬੱਚੇ ਘੱਟ ਪੈਦਾ ਕਰਨ ਲਈ ਵੀ ਕਹਿੰਦੀ ਹੈ...ਪਰ ਇੱਥੇ ਸੁਣਦਾ ਕੌਣ ਹੈ।"

"ਪਰ ਇਸ ਗੱਲ ਦਾ ਇਸ ਨਾਲ ਕੀ ਲੈਣਾ-ਦੇਣਾ ਹੋਇਆ।"

"ਛੋਟਾ ਪਰਿਵਾਰ ਹੋਵੇਗਾ। ਇਕ-ਦੋ ਬੱਚੇ ਹੋਣਗੇ। ਉਨ੍ਹਾਂ ਨੂੰ ਅਸਾਨੀ ਨਾਲ ਪੜ੍ਹਾਇਆ-ਲਿਖਾਇਆ ਜਾ ਸਕਦਾ ਹੈ। ਫਿਰ 'ਚਾਈਲਡ ਲੇਬਰ' ਦੀ ਨੌਬਤ ਹੀ ਕਿਵੇਂ ਆ ਸਕਦੀ ਹੈ?"

"ਉਹ ਕਿਵੇਂ?"

"ਹੁਣ ਰੁਕਮੀ ਦੇ ਘਰ ਅੱਠ ਜੀਅ ਹਨ। ਜੇ ਇਕ-ਦੋ ਬੱਚੇ ਹੁੰਦੇ... ਤਾਂ ਇਸ ਦੀ ਮਾਂ ਇਨ੍ਹਾਂ ਨੂੰ ਅਸਾਨੀ ਨਾਲ ਪਾਲ ਸਕਦੀ ਸੀ।"

"ਹਾਂ, ਇਹ ਤੂੰ ਠੀਕ ਕਹਿ ਰਹੀ ਏ।"

"ਸਰਕਾਰ, ਵੱਡੇ ਪਰਿਵਾਰ ਰੋਕਣਾ ਚਾਹੁੰਦੀ ਹੈ, ਦੀਦੀ।"

"ਨੀਤਾ, ਤੇਰੀ ਗੱਲ ਇਕਦਮ ਠੀਕ ਹੈ। ਪਰ ਮੇਰੇ ਹਿਸਾਬ ਨਾਲ ਤਾਂ ਮੈਂ ਇਨ੍ਹਾਂ ਦੀ ਮਦਦ ਹੀ ਕਰ ਰਹੀ ਹਾਂ।"

"ਦੀਦੀ, ਤੂੰ ਸੱਚਮੁਚ ਇਸ ਦੀ ਮਦਦ ਕਰਨਾ ਚਾਹੁੰਦੀ ਏ।"

"ਹਾਂ..."

"ਫਿਰ ਮੇਰੀ ਇਕ ਗੱਲ ਸੁਣ।"

"ਬੋਲ, ਕਹਿਣਾ ਕੀ ਚਾਹੁੰਦੀ ਏ? ਇਸ ਕੁੜੀ ਨੂੰ ਵਾਪਸ ਭੇਜ ਦੇਵਾਂ?"

"ਨਹੀਂ, ਇਸ ਨੂੰ ਵਾਪਸ ਨਾ ਭੇਜੋ।"

"ਫਿਰ ਕਰਾਂ ਕੀ?"

"ਤੂੰ ਇਸ ਨੂੰ ਆਪਣੇ ਕੋਲ ਰੱਖ ਕੇ ਪੜ੍ਹਾ-ਲਿਖਾ ਦੇ। ਘੱਟੋ-ਘੱਟ ਮਿਡਲ ਤੱਕ ਤਾਂ ਜ਼ਰੂਰ ਹੀ,"

"ਫਿਰ ਮੋਹਿਤ...?"

"ਜਦੋਂ ਤੱਕ ਉਹ ਸਕੂਲ ਵਿੱਚ ਪੜ੍ਹੇ, ਉਦੋਂ ਤੱਕ ਤੂੰ ਮੋਹਿਤ ਨੂੰ ਸੰਭਾਲ ਲਿਆ ਕਰ।"

"ਪਰ ਸਕੂਲ ਦਾ ਖਰਚਾ...।"

"ਇਸ ਨੂੰ ਕਿਸੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਦਿਓ। ਉਥੇ ਫੀਸ ਘੱਟ ਹੀ ਲੱਗੇਗੀ।"

"ਹਾਂ, ਇਹ ਤਾਂ ਹੀ।"

"ਫਿਰ ਰੱਬ ਦਾ ਦਿੱਤਾ ਸਭ ਕੁਝ ਹੈ ਤੇਰੇ ਕੋਲ।"

"ਹਾਂ, ਪ੍ਰਮਾਤਮਾ ਦੀ ਬੜੀ ਮਿਹਰ ਹੈ।" ਕਹਿ ਸੀਮਾ ਨੇ ਦੋਵੇਂ ਹੱਥ ਜੋੜ ਕੇ ਜਿਵੇਂ ਪ੍ਰਮਾਤਮਾ ਦਾ ਸ਼ੁਕਰ ਅਦਾ ਕੀਤਾ।

"ਗ਼ਰੀਬ ਦੀ ਕੁੜੀ ਪੜ੍ਹ ਜਾਵੇਗੀ। ਤੈਨੂੰ ਪੁੰਨ ਮਿਲੇਗਾ।"

"ਫਿਰ ਤਨਖ਼ਾਹ ਨਾ ਦੇਵਾਂ।"

"ਦੀਦੀ, ਜੇ ਇਹ ਪਿਆਰ ਨਾਲ ਮੋਹਿਤ ਨੂੰ ਸੰਭਾਲੇਗੀ, ਤੇਰਾ ਹੱਥ ਵੰਡਾਏਗੀ ਤਾਂ ਤਨਖਾਹ ਸਮਝ ਕੇ ਨਾ ਸਹੀ... ਮਦਦ ਦੇ ਤੌਰ 'ਤੇ ਕੁਝ ਰੁਪਏ ਇਕੱਠੇ ਭੇਜ ਦਿਆ ਕਰੀਂ।

"ਚਲ, ਰੁਪਏ ਇਸ ਦੇ ਪਰਿਵਾਰ ਦੇ ਕੰਮ ਆ ਜਾਣਗੇ।"

"ਤੇ ਇਹ ਤੇਰੇ ਕੰਮ ਆਏਗੀ ਦੀਦੀ। ਇਕ ਪੰਥ ਦੋ ਕਾਜ।"

"ਤੂੰ ਕੀ ਸਮਝਾ ਰਹੀ ਏ ਵੱਡੀ ਭੈਣ ਨੂੰ?" ਮਾਂ ਹੱਸਦੇ ਹੋਏ ਕਮਰੇ ਵਿੱਚ ਦਾਖਲ ਹੋਈ।

"ਮੈਂ ਕਹਿ ਰਹੀ ਸੀ ਮਾਂ-ਰੁਕਮੀ ਮੋਹਿਤ ਦਾ ਖਿਆਲ ਰੱਖਦੀ ਹੈ, ਤੂੰ ਇਸ ਦਾ ਖਿਆਲ ਰੱਖ।"

"ਉਹ ਕਿਵੇਂ?"

"ਜੇ ਦੀਦੀ, ਰੁਕਮੀ ਨੂੰ ਪੜ੍ਹਾ-ਲਿਖਾ ਦੇਵੇ ਤਾਂ ਉਸ ਦਾ ਭਵਿੱਖ ਸੁਧਰ ਜਾਵੇਗਾ। ਠੀਕ ਕਹਿ ਰਹੀ ਹਾਂ ਨਾ ਮਾਂ?"

"ਬਿਲਕੁਲ ਠੀਕ।" ਜਵਾਬ ਦਿੱਤਾ ਨੀਤਾ ਦੇ ਬਾਬੂ ਜੀ ਨੇ ਜੋ ਹੁਣੇ-ਹੁਣੇ ਦਫ਼ਤਰੋਂ ਮੁੜੇ ਸਨ।

"ਸਾਰਿਆਂ ਦੀ ਨੀਤਾ ਵਰਗੀ ਧੀ ਹੋਣੀ ਚਾਹੀਦੀ ਹੈ, ਐਨੀ ਸਮਝਦਾਰ।" ਉਨ੍ਹਾਂ ਨੀਤਾ ਤੇ ਸੀਮਾ ਦੇ ਸਿਰ ਉਤੇ ਹੱਥ ਫੇਰਿਆ।

"ਬਾਬੂ ਜੀ।" ਨੀਤਾ ਉਨ੍ਹਾਂ ਨਾਲ ਲਿਪਟ ਗਈ।

"ਠੀਕ ਹੀ ਹੈ, ਇੰਜ ਕਿਸੇ ਦਾ ਭਲਾ ਹੋ ਜਾਵੇਗਾ।"

"ਹਾਂ, ਹਾਂ..." ਤਿੰਨੋਂ ਇਕੱਠੇ ਹੀ ਬੋਲ ਪਏ।

"ਸਾਡੇ ਆਂਢ-ਗੁਆਂਢ ਵਿੱਚ ਜੇ ਕੋਈ ਬੱਚਾ 'ਚਾਈਲਡ ਲੇਬਰ' ਕਰਦਾ ਹੋਵੇ ਤਾਂ ਉਸ ਦਾ ਸ਼ੋਸ਼ਣ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਪੜ੍ਹਾ-ਲਿਖਾ ਕੇ ਉਸ ਦੀ ਮਦਦ ਕਰਨੀ ਚਾਹੀਦੀ ਹੈ।"

"ਠੀਕ ਕਹਿੰਦੇ ਹੋ ਭੈਣ ਜੀ।" ਉਸ ਦੇ ਮਾਤਾ-ਪਿਤਾ ਨੇ ਹੱਥ ਜੋੜ ਕੇ ਹੱਸਦੇ ਹੋਏ ਕਿਹਾ। ਕਮਰੇ ਦੇ ਨੁੱਕਰ ਵਿੱਚ ਖੜ੍ਹੀ ਰੁਕਮੀ ਸਾਰਿਆਂ ਵੱਲ ਖਾਮੋਸ਼ੀ ਨਾਲ ਦੇਖ ਰਹੀ ਸੀ। ਨੀਤਾ ਨੇ ਉਸ ਨੂੰ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ, "ਇੱਧਰ ਆ, ਮੇਰੇ ਕੋਲ।" ਸਹਿਮੀ ਹੋਈ ਰੁਕਮੀ ਨੀਤਾ ਕੋਲ ਆ ਗਈ।

"ਸੁਣ, ਸਕੂਲ ਪੜ੍ਹਨ ਜਾਏਗੀ।" ਨੀਤਾ ਨੇ ਉਸ ਤੋਂ ਪੁੱਛਿਆ।

"ਮੈਂ... ਕਿਵੇਂ...?" ਰੁਕਮੀ ਦੀਆਂ ਅੱਖਾਂ ਵਿੱਚ ਹੈਰਾਨੀ ਉਭਰ ਆਈ।

"ਇਹ ਸੀਮਾ ਆਂਟੀ ਹੈ... ਬੀਬੀ ਜੀ ਨਹੀਂ। ਤੂੰ ਇਨ੍ਹਾਂ ਕੋਲ ਰਹਿੰਦੀ ਏ ਨਾ।"

ਰੁਕਮੀ ਨੇ ਬਿਨਾਂ ਬੋਲੇ ਹਾਮੀ ਵਿੱਚ ਸਿਰ ਹਿਲਾਇਆ।

"ਇਹ ਤੈਨੂੰ ਸਕੂਲ ਭੇਜੇਗੀ... ਪੜ੍ਹਨ ਲਈ ਜਾਏਗੀ...?"

"ਸਕੂਲ...। ਬਸਤਾ ਤੇ ਕਿਤਾਬਾਂ ਲੈ ਕੇ।" ਬੱਚੀ ਦੀਆਂ ਅੱਖਾਂ ਵਿੱਚ ਚਮਕ ਆ ਗਈ।

"ਹਾਂ..." ਨੀਤਾ ਨੇ ਖੁਸ਼ ਹੋ ਕੇ ਕਿਹਾ।

"ਵਾਲਾਂ ਵਿੱਚ ਰਿਬਨ ਬੰਨ੍ਹ ਕੇ...।" ਰੁਕਮੀ ਦੀਆਂ ਅੱਖਾਂ ਵਿੱਚ ਸੁਪਨੇ ਤੈਰਨ ਲੱਗ ਪਏ।

"ਹਾਂ...ਹਾਂ...।" ਸੀਮਾ ਨੇ ਕਿਹਾ।

ਉਹ ਸੁਪਨੇ, ਜੋ ਨੀਤਾ ਨੇ ਦਿਖਾਏ ਸਨ ਤੇ ਸੀਮਾ ਨੇ ਉਨ੍ਹਾਂ ਨੂੰ ਪੂਰਾ ਕਰਨ ਦੀ ਬੀੜਾ ਚੁੱਕ ਲਿਆ ਸੀ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 15-06-2018 ਤੋਂ 24-06-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ 30ਏ, ਚੰਡੀਗੜ੍ਹ। | 500/- | ਐਚ-9637 | 15-06-2018 |
| 2. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16 ਪੰਚਕੂਲਾ (ਹਰਿਆਣਾ) | 2100/- | ਐਚ-9638 | 15-06-2018 |
| 3. | ਸ. ਰਵਿੰਦਰ ਸਿੰਘ, ਸਕੱਤਰ ਬਾਬਾ ਮੱਖਣ<br>ਸ਼ਾਹ ਲੁਬਾਣਾ ਭਵਨ ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਐਚ-9639 | 15-06-2018 |
| 4. | ਸ. ਮਨਜੀਤ ਸਿੰਘ<br>ਮਕਾਨ ਨੰ-2456, ਸੈਕਟਰ-71, ਮੋਹਾਲੀ। | 1100/- | ਐਚ-9640 | 15-06-2018 |
| 5. | ਸ. ਇਕਬਾਲ ਸਿੰਘ<br>ਮਕਾਨ ਨੰ-152, ਦਸ਼ਮੇਸ਼ ਕਲੋਨੀ, ਜ਼ੀਰਕਪੁਰ, ਜ਼ਿਲ੍ਹਾ-ਮੋਹਾਲੀ। | 500/- | ਐਚ-9641 | 15-06-2018 |
| 6. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ<br>ਫਾਉਂਡੇਸ਼ਨ, ਸੈਕਟਰ-30ਏ ਚੰਡੀਗੜ੍ਹ।<br>ਮਕਾਨ. ਨੰ-2218, ਸੈਕਟਰ-38ਸੀ. ਚੰਡੀਗੜ੍ਹ। | 1100/- | ਐਚ-9642 | 15-06-2018 |
| 7. | ਸ. ਰੋਹੀ ਰਾਮ<br>ਮਕਾਨ ਨੰ-5702, 30ਵੈਸਟ-ਚੰਡੀਗੜ੍ਹ। | 100/- | ਐਚ-9643 | 15-06-2018 |
| 8. | ਗੁਪਤ ਦਾਨ | 100/- | ਐਚ-9644 | 15-06-2018 |
| 9. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ<br>ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | 500/- | ਐਚ-9645 | 15-06-2018 |
| 10. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br># 541, ਫੇਸ-3, ਮੋਹਾਲੀ। | 200/- | ਐਚ-9646 | 15-06-2018 |
| 11. | ਸ. ਹਰਨਾਮ ਸਿੰਘ<br>ਮਕਾਨ ਨੰ-698, ਫੇਸ-10, ਮੋਹਾਲੀ। | 500/- | ਐਚ-9647 | 15-06-2018 |

| | | | | |
|---|---|---|---|---|
| 12. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ–3405, ਸੈਕਟਰ–40ਡੀ, ਚੰਡੀਗੜ੍ਹ। | 200/– | ਐਚ–9648 | 15-06-2018 |
| 13. | ਸ. ਜਸਪਾਲ ਸਿੰਘ<br>ਮਕਾਨ ਨੰ–18, ਏ, ਕੇ, ਐਸ ਕਲੋਨੀ, ਜ਼ੀਰਕਪੁਰ। | 100/– | ਐਚ–9649 | 15-06-2018 |
| 14. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਮਕਾਨ ਨੰ–102, ਸੈਕਟਰ–60, ਮੋਹਾਲੀ। | 200/– | ਐਚ–9650 | 15-06-2018 |
| 15. | ਰਾਜਪਾਲ ਸਿੰਘ<br>ਮਕਾਨ ਨੰ–43, ਮਨੀ ਮਾਜਰਾ। | 1000/– | ਐਚ–9651 | 15-06-2018 |
| 16. | ਸ. ਨਿਰਮਲ ਸਿੰਘ, ਸਕੱਤਰ ਮੈਨਟੇਨੈਂਸ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ–30ਏ, ਚੰਡੀਗੜ੍ਹ।<br>ਮਕਾਨ ਨੰ–2354, ਫੇਸ–10 ਮੋਹਾਲੀ। | 200/– | ਐਚ–9652 | 15-06-2018 |
| 17. | ਸ. ਅਮਰਜੀਤ ਸਿੰਘ<br>ਪੁੱਤਰ ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ–42, ਸੈਕਟਰ–16, ਚੰਡੀਗੜ੍ਹ। | 500/– | ਐਚ–9653 | 15-06-2018 |
| 18. | ਸ. ਸੂਰਤ ਸਿੰਘ<br>ਮਕਾਨ ਨੰ–2581, ਸਨੀ ਇੰਨਕਲੇਵ ਖਰੜ, ਮੋਹਾਲੀ। | 100/– | ਐਚ–9654 | 15-06-2018 |
| 19. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ– 42, ਸੈਕਟਰ–16, ਚੰਡੀਗੜ੍ਹ। | 500/– | ਐਚ–9655 | 15-06-2018 |
| 20. | ਸ. ਗੁਰਬਚਨ ਸਿੰਘ<br>ਮਕਾਨ ਨੰ. 2808/2, ਸੈਕਟਰ–47/ਸੀ ਚੰਡੀਗੜ੍ਹ । | 100/– | ਐਚ–9656 | 15-06-2018 |
| 21. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>#795, ਫੇਸ–3ਬੀ–1, ਮੋਹਾਲੀ। | 500/– | ਐਚ–9657 | 15-06-2018 |
| 22. | ਸ. ਹਰੀ ਸਿੰਘ<br>ਮਕਾਨ ਨੰ–33, ਫੇਸ–11, ਮੋਹਾਲੀ। | 200/– | ਐਚ–9658 | 15-06-2018 |
| 23. | ਸ. ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ– ਐਚ.ਐਲ–600, ਫੇਸ–9, ਮੋਹਾਲੀ।<br>ਕੇਅਰ ਆਫ– ਪ੍ਰਧਾਨ ਯੁਨਾਈਟਿਡ ਇਨਫੋਸਟਰ ਐਸੋਸੀਏਸ਼ਨ–ਫੇਸ–9 | 200/– | ਐਚ–9659 | 15-06-2018 |
| 24. | ਗੁਪਤ ਦਾਨ | 100/– | ਐਚ–9660 | 15-06-2018 |
| 25. | ਗੁਪਤ ਦਾਨ | 100/– | ਐਚ–9661 | 15-06-2018 |
| 26. | ਸ਼੍ਰੀਮਤੀ ਪ੍ਰੀਤਮ ਕੌਰ<br>ਪਤਨੀ ਕਰਨਲ ਹਰਨਾਮ ਸਿੰਘ<br>ਮਕਾਨ ਨੰ–189, ਫੇਸ–2, ਨਿਊ ਜਵਾਹਰ ਨਗਰ, ਜਲੰਧਰ। | 2100/– | ਐਚ–9662 | 18-06-2018 |

| | | | | |
|---|---|---|---|---|
| 27. | ਸ. ਜਸਵੰਤ ਸਿੰਘ<br>ਸੀਨੀਅਰ ਵਾਇਸ ਪ੍ਰਧਾਨ ਬ.ਮ.ਸ਼.ਲ. ਭਵਨ, ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-2369, ਫੇਸ-11, ਮੋਹਾਲੀ। | 500/- | ਐਚ-9664 | 24-06-2018 |
| 28. | ਸ. ਜਗਤਾਰ ਸਿੰਘ<br>ਪਿੰਡ-ਲਾਹਾ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 100/- | ਐਚ-9665 | 24-06-2018 |
| 29. | ਸ. ਜਰਨੈਲ ਸਿੰਘ<br>ਪਿੰਡ-ਲਾਹਾ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 100/- | ਐਚ-9666 | 24-06-2018 |
| 30. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ-795, ਫੇਸ-3ਬੀ1, ਮੋਹਾਲੀ। | 2100/- | ਐਚ-9667 | 24-06-2018 |
| 31. | ਸ. ਅਜੀਤ ਸਿੰਘ<br>ਪਿੰਡ-ਲਾਹਾ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 200/- | ਐਚ-9668 | 24-06-2018 |
| 32. | ਗੁਪਤ ਦਾਨ | 200/- | ਐਚ-9669 | 24-06-2018 |
| 33. | ਸ. ਬਲਬੀਰ ਸਿੰਘ<br>ਪਿੰਡ-ਸੰਨਗਾਨੀ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 50/- | ਐਚ-9670 | 24-06-2018 |
| 34. | ਗੁਪਤ ਦਾਨ | 100/- | ਐਚ-9671 | 24-06-2018 |
| 35. | ਸ. ਇਕਬਾਲ ਸਿੰਘ<br>ਪਿੰਡ-ਲਾਹਾ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 100/- | ਐਚ-9672 | 24-06-2018 |
| 36. | ਗੁਪਤ ਦਾਨ | 100/- | ਐਚ-9673 | 24-06-2018 |
| 37. | ਸ਼੍ਰੀਮਤੀ ਮਨਰਾਜ ਕੌਰ<br>ਪਿੰਡ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 50/- | ਐਚ-9674 | 24-06-2018 |
| 38. | ਸ਼੍ਰੀਮਤੀ ਸ਼ੀਲ ਕੌਰ<br>ਪਿੰਡ-ਲੋਟਨ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 200/- | ਐਚ-9675 | 24-06-2018 |
| 39. | ਗੁਪਤ ਦਾਨ<br>ਪਿੰਡ-ਸੰਨਗਾਨੀ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 50/- | ਐਚ-9676 | 24-06-2018 |
| 40. | ਗੁਪਤ ਦਾਨ<br>ਪਿੰਡ-ਬ੍ਰਾਹਮਣ ਮਾਜਰਾ, ਤਹਿਸੀਲ-ਨਰਾਇਣਗੜ੍ਹ,<br>ਜ਼ਿਲ੍ਹਾ-ਅੰਬਾਲਾ। | 100/- | ਐਚ-9677 | 24-06-2018 |
| 41. | ਸੂਬੇਦਾਰ ਸਵਰਨ ਸਿੰਘ<br>ਪਿੰਡ-ਲੋਟਨ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 200/- | ਐਚ-9678 | 24-06-2018 |
| 42. | ਸ. ਸੁਖਬੀਰ ਸਿੰਘ<br>ਪਿੰਡ-ਹਿੰਮਤਪੁਰ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 100/- | ਐਚ-9679 | 24-06-2018 |

| | | | | |
|---|---|---|---|---|
| 43. | ਸ. ਇੰਦਰਜੀਤ ਸਿੰਘ ਅਤੇ ਸ. ਮਨਜੀਤ ਸਿੰਘ<br>ਪਿੰਡ-ਲਾਹਾ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 500/- | ਐਚ-9680 | 24-06-2018 |
| 44. | ਸ. ਰਣਜੀਤ ਸਿੰਘ<br>ਪਿੰਡ-ਸੈਨ ਮਾਜਰਾ, ਤਹਿਸੀਲ-ਨਰਾਇਣਗੜ੍ਹ,<br>ਜ਼ਿਲ੍ਹਾ-ਅੰਬਾਲਾ। | 50/- | ਐਚ-9681 | 24-06-2018 |
| 45. | ਸ. ਜਸਵਿੰਦਰ ਸਿੰਘ<br>ਪਿੰਡ-ਰਾਜਪੁਰਾ, ਪਟਿਆਲਾ। | 100/- | ਐਚ-9682 | 24-06-2018 |
| 46. | ਸ. ਸਵਰਨ ਸਿੰਘ<br>ਪਿੰਡ-ਬ੍ਰਾਹਮਣ ਮਾਜਰਾ, ਜ਼ਿਲ੍ਹਾ-ਅੰਬਾਲਾ। | 100/- | ਐਚ-9683 | 24-06-2018 |
| 47. | ਸ. ਭਜਨ ਸਿੰਘ<br>ਪਿੰਡ-ਭੂਰੇਵਾਲਾ, ਜ਼ਿਲ੍ਹਾ-ਅੰਬਾਲਾ। | 100/- | ਐਚ-9684 | 24-06-2018 |
| 48. | ਸ. ਸੁਰਿੰਦਰ ਸਿੰਘ<br>ਪਿੰਡ-ਭੂਰੇਵਾਲਾ-ਜ਼ਿਲ੍ਹਾ-ਅੰਬਾਲਾ। | 100/- | ਐਚ-9685 | 24-06-2018 |
| 49. | ਸ. ਮਲਕੀਤ ਸਿੰਘ, ਮੁੱਖ ਸੇਵਾਦਾਰ<br>ਪਿੰਡ-ਗਨੌਲੀ, ਤਹਿਸੀਲ-ਨਰਾਇਣਗੜ੍ਹ,<br>ਜ਼ਿਲ੍ਹਾ-ਅੰਬਾਲਾ। | 100/- | ਐਚ-9686 | 24-06-2018 |
| 50. | ਸ. ਮਨਿੰਦਰ ਸਿੰਘ<br>ਪਿੰਡ-ਲੋਟਨ, ਜ਼ਿਲ੍ਹਾ-ਅੰਬਾਲਾ। | 100/- | ਐਚ-9687 | 24-06-2018 |
| 51. | ਸ. ਰਾਜ ਬਲਬੀਰ ਸਿੰਘ<br>ਪਿੰਡ-ਗਨੌਲੀ, ਤਹਿਸੀਲ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 100/- | ਐਚ-9688 | 24-06-2018 |
| 52. | ਸ. ਦਰਸ਼ਨ ਸਿੰਘ<br>ਮਕਾਨ ਨੰ-622, ਫੇਸ-11, ਮੋਹਾਲੀ। | 100/- | ਐਚ-9689 | 24-06-2018 |
| 53. | ਸ਼੍ਰੀਮਤੀ ਮਨਜੀਤ ਕੌਰ ਜਲੰਧਰ | 100/- | ਐਚ-9690 | 24-06-2018 |
| 54. | ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ | 1100/- | ਐਚ-9691 | 24-06-2018 |
| 55. | ਸੂਬੇਦਾਰ ਮੇਜਰ ਸ. ਅਮਰਜੀਤ ਸਿੰਘ<br>ਮਕਾਨ ਨੰ-102, ਫੇਸ-3ਬੀ1, ਮੋਹਾਲੀ। | 500/- | ਐਚ-9692 | 24-06-2018 |
| 56. | ਸ. ਗੁਲਜਾਰ ਸਿੰਘ<br>ਮਕਾਨ ਨੰ-3357, ਸੈਕਟਰ-29, ਚੰਡੀਗੜ੍ਹ। | 200/- | ਐਚ-9693 | 24-06-2018 |
| 57. | ਸ. ਜਸਬੀਰ ਸਿੰਘ<br>ਪਿੰਡ-ਬ੍ਰਾਹਮਣ ਮਾਜਰਾ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 100/- | ਐਚ-9694 | 24-06-2018 |
| 58. | ਸੁਖਵਿੰਦਰ ਸਿੰਘ ਬਿੱਲਾ<br>ਮਿਉਨਸੀਪਲ ਕਮਿਸ਼ਨਰ, ਬੇਗੋਵਾਲ, ਜ਼ਿਲ੍ਹਾ-ਕਪੂਰਥਲਾ। | 500/- | ਐਚ-9695 | 24-06-2018 |

| | | | | |
|---|---|---|---|---|
| 59. | ਸ. ਟਹਿਲ ਸਿੰਘ<br>ਮਕਾਨ ਨੰ-106, ਗੁਰੂ ਗੋਬਿੰਦ ਸਿੰਘ ਐਵਨਿਊ<br>ਜੀ.ਟੀ. ਰੋਡ, ਬਾਈਪਾਸ, ਜਲੰਧਰ। | 500/- | ਐਚ-9696 | 24-06-2018 |
| 60. | ਲੈਕਚਰਾਰ-ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 500/- | ਐਚ-9697 | 24-06-2018 |
| 61. | ਸ. ਆਰ.ਐਸ. ਮੁਲਤਾਨੀ<br>ਮਕਾਨ ਨੰ-2306, ਸੈਕਟਰ-38, ਚੰਡੀਗੜ੍ਹ। | 500/- | ਐਚ-9698 | 24-06-2018 |
| 62. | ਸ. ਮੋਹਿੰਦਰ ਸਿੰਘ ਡੀ.ਐਸ.ਪੀ.<br>ਮਕਾਨ ਨੰ-305, ਗੋਲਡਨ ਅਵੈਨਿਉ, ਫੇਸ-2, ਜਲੰਧਰ। | 500/- | ਐਚ-9699 | 24-06-2018 |
| 63. | ਸ. ਅਵਤਾਰ ਸਿੰਘ ਡੀ.ਐਸ.ਪੀ.<br>ਮਕਾਨ ਨੰ-17, ਰਮਨੀਕ ਨਗਰ, ਨੇੜੇ-ਪ੍ਰਿੰਸ ਪੈਲਸ<br>ਮਿੱਠਾਪੁਰ ਰੋਡ, ਮਾਡਲ ਟਾਊਨ, ਜਲੰਧਰ। | 500/- | ਐਚ-9700 | 24-06-2018 |
| 64. | ਸ. ਰਾਜਪਾਲ ਸਿੰਘ<br>ਮਕਾਨ ਨੰ-43, ਮਨੀ ਮਾਜਰਾ। | 3600/- | ਐਚ-9701 | 24-06-2018 |
| 65. | ਸ਼੍ਰੀਮਤੀ ਚਰਨਜੀਤ ਕੌਰ<br>ਮਕਾਨ ਨੰ-141, ਸੈਕਟਰ-11, ਪੰਚਕੂਲਾ। | 2000/- | ਐਚ-9702 | 24-06-2018 |
| 66. | ਸ. ਪਰਮਿੰਦਰਜੀਤ ਸਿੰਘ<br>(ਰਿਜ਼ਨਲ ਪ੍ਰਧਾਨ ਬ.ਮ.ਸ਼.ਲ. ਭਵਨ ਚੰਡੀਗੜ੍ਹ)<br>ਮਕਾਨ ਨੰ-524, ਗਰੀਨ ਮਾਡਲ ਟਾਊਨ, ਜਲੰਧਰ। | 500/- | ਐਚ-9703 | 24-06-2018 |
| 67. | ਸ. ਬਲਬੀਰ ਸਿੰਘ ਘੋਤੜਾ<br>ਮਕਾਨ ਨੰ-1115, ਸੈਕਟਰ-34ਸੀ, ਚੰਡੀਗੜ੍ਹ। | 500/- | ਐਚ-9704 | 24-06-2018 |
| 68. | ਸ. ਜਗਤਾਰ ਸਿੰਘ<br>ਮਕਾਨ ਨੰ-2258/2, ਸੈਕਟਰ-45ਸੀ, ਚੰਡੀਗੜ੍ਹ। | 201/- | ਐਚ-9705 | 24-06-2018 |
| 69. | ਸ. ਗੁਰਬਚਨ ਸਿੰਘ<br>ਮਕਾਨ ਨੰ-2808/2, ਸੈਕਟਰ-45 ਸੀ, ਚੰਡੀਗੜ੍ਹ। | 100/- | ਐਚ-9706 | 24-06-2018 |
| 70. | ਸ. ਕਰਨੈਲ ਸਿੰਘ<br>ਮਕਾਨ ਨੰ-305, ਫੇਸ-11, ਮੋਹਾਲੀ। | 100/- | ਐਚ-9707 | 24-06-2018 |
| 71. | ਸ. ਸੁਰਿੰਦਰ ਪਾਲ ਸਿੰਘ<br>ਮਕਾਨ ਨੰ-3808, ਚੰਡੀਗੜ੍ਹ। | 250/- | ਐਚ-9708 | 24-06-2018 |
| 72. | ਸ. ਚਰਨਜੀਤ ਸਿੰਘ<br>ਮਕਾਨ ਨੰ- ਐਚ.ਐਲ-600, ਫੇਸ-9, ਮੋਹਾਲੀ।<br>ਕੇਅਰ ਆਫ- ਪ੍ਰਧਾਨ ਯੁਨਾਇਟਿਡ ਇਨਫੋਸਟਰ ਐਸੋਸੀਏਸ਼ਨ-ਫੇਸ-9 | 200/- | ਐਚ-9709 | 24-06-2018 |

| | | | | |
|---|---|---|---|---|
| 73. | ਸ.ਰਵਿੰਦਰ ਸਿੰਘ,ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾਭਵਨ ਸੈਕਟਰ-30ਏ,ਚੰਡੀਗੜ੍ਹ। ਮਕਾਨ ਨੰ-2092,ਸੈਕਟਰ-45ਸੀ,ਚੰਡੀਗੜ੍ਹ। | 200/- | ਐਚ-9710 | 24-06-2018 |
| 74. | ਸ.ਦਰਬਾਰਾ ਸਿੰਘ ਮਕਾਨ ਨੰ-130,ਸੈਕਟਰ-46ਏ,ਚੰਡੀਗੜ੍ਹ। | 100/- | ਐਚ-9711 | 24-06-2018 |
| 75. | ਸ.ਗਿਆਨ ਸਿੰਘ ਮੁਲਤਾਨੀ ਮਕਾਨ ਨੰ-42,ਸੈਕਟਰ-16,ਚੰਡੀਗੜ੍ਹ। | 1100/- | ਐਚ-9712 | 24-06-2018 |
| 76. | ਸ.ਜਗਬੀਰ ਸਿੰਘ ਮਕਾਨ ਨੰ-578,ਸੈਕਟਰ-42ਸੀ,ਚੰਡੀਗੜ੍ਹ। | 200/- | ਐਚ-9713 | 24-06-2018 |
| 77. | ਕੈਪਟਨ ਰਾਜਿੰਦਰ ਸਿੰਘ ਮਕਾਨ ਨੰ-96,ਫੇਸ-10,ਮੋਹਾਲੀ। | 1100/- | ਐਚ-9714 | 24-06-2018 |
| 78. | ਸ.ਲਖਵਿੰਦਰ ਸਿੰਘ ਮਕਾਨ ਨੰ-244/1,ਸੈਕਟਰ-55,ਚੰਡੀਗੜ੍ਹ। | 100/- | ਐਚ-9715 | 24-06-2018 |
| 79. | ਸ.ਗੁਰਜੋਤ ਸਿੰਘ ਮਕਾਨ ਨੰ-42,ਸੈਕਟਰ-16ਏ,ਚੰਡੀਗੜ੍ਹ। | 101/- | ਐਚ-9716 | 24-06-2018 |
| 80. | ਸ.ਹਰਭਜਨ ਸਿੰਘ ਡੀ.ਆਈ.ਜੀ.(ਰਿਟਾ.) ਮਕਾਨ ਨੰ -204,ਏਅਰਪੋਰਟ ਰੋਡ, ਫੈਲਕੋਨ ਵਿਊ ਸੈਕਟਰ-66ਏ,ਮੋਹਾਲੀ। | 500/- | ਐਚ-9717 | 24-06-2018 |
| 81. | ਡਾ.ਹਰਜਿੰਦਰ ਸਿੰਘ ਮੁਲਤਾਨੀ ਸਪੁੱਤਰ ਸਵ.ਅਮਰੀਕ ਸਿੰਘ ਮੁਲਤਾਨੀ ਮਕਾਨ ਨੰ-2102,ਫੇਸ-10,ਮੋਹਾਲੀ | 1500/- | ਐਚ-9718 | 24-06-2018 |
| 82. | ਸ.ਹਰਮਨ ਸਿੰਘ ਮਕਾਨ ਨੰ-2352,ਸੈਕਟਰ-20ਸੀ,ਚੰਡੀਗੜ੍ਹ। | 100/- | ਐਚ-9719 | 24-06-2018 |
| 83. | ਸ.ਨਰਪਿੰਦਰ ਸਿੰਘ ਮਕਾਨ ਨੰ-957,ਫੇਸ-10,ਮੋਹਾਲੀ। | 100/- | ਐਚ-97120 | 24-06-2018 |
| 84. | ਸ.ਕੇਹਰ ਸਿੰਘ ਬੇਗੋਵਾਲ,ਜ਼ਿਲ੍ਹਾ-ਕਪੂਰਥਲਾ। | 100/- | ਐਚ-9721 | 24-06-2018 |
| 85. | ਸ.ਜਸਵੰਤ ਸਿੰਘ ਬੇਗੋਵਾਲ,ਜ਼ਿਲ੍ਹਾ-ਕਪੂਰਥਲਾ। | 200/- | ਐਚ-9722 | 24-06-2018 |
| 86. | ਸ.ਬਲਜਿੰਦਰ ਸਿੰਘ ਮਕਾਨ ਨੰ-190,ਕ੍ਰਿਸ਼ਨਾ ਇੰਨਕਲੇਵ,ਜ਼ੀਰਕਪੁਰ। | 500/- | ਐਚ-9723 | 24-06-2018 |

| | | | | |
|---|---|---|---|---|
| 87. | ਸ.ਹਰੀ ਸਿੰਘ<br>ਮਕਾਨ ਨੰ-33,ਫੇਸ-11,ਮੋਹਾਲੀ। | 500/- | ਐਚ-9724 | 24-06-2018 |
| 88. | ਸ.ਸੁਰਿੰਦਰ ਸਿੰਘ ਰੂਬੀ (ਈ.ਟੀ.ਓ ਰਿਟਾ.)<br>ਐਡੀਟਰ ਲੁਬਾਣਾ ਸੇਵਕ,ਐਚ.ਆਈ.ਜੀ-16,<br>ਗੁਰੂ ਗੋਬਿੰਦ ਸਿੰਘ ਅਵੈਨਿਉ,ਜੀ.ਟੀ.ਰੋਡ ਜਲੰਧਰ। | 500/- | ਐਚ-9725 | 24-06-2018 |
| 89. | ਸ.ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ-30ਏ,ਚੰਡੀਗੜ੍ਹ।<br>ਮਕਾਨ ਨੰ-1838,ਸੈਕਟਰ-7,ਮੋਹਾਲੀ। | 1100/- | ਐਚ-9726 | 24-06-2018 |
| 90. | ਸ਼੍ਰੀਮਤੀ ਨਵਨੀਤ ਕੌਰ<br>ਪਤਨੀ ਸਵ.ਸ.ਹਰਦੀਪ ਸਿੰਘ ਜੰਮੂ। | 1100/- | ਐਚ-9727 | 24-06 2018 |




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ


# ਕਮਰਿਆਂ ਦੀ ਬੁਕਿੰਗ

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**



# MATRIMONIAL



**Suitable match for lobana sikh girl Navdeep Kaur D.o.b-05/06/1991, 5'7", MCA, Sub Inspector Punjab Police. Required Govt or Businessman Family.**

**Cont. 98767-48455, 85281-73141**

* * * * *

**Suitable match for well-educated and beautiful lobana girl 1989, 5'3" tall, Canadian Citizen, doing permanent job. Boy should be well settled and professionally educated. Email id-daljitlobana966@hotmail.com.**

**Cont. 97790-76996, 97797-77712**

* * * * *

**Suitable match for beautiful lobana girl d.o.b-28-09-1992, 5'2", slim, education qualification ANM, GNM, Job in private hospital Fortis Mohali, living in Chandigarh. Boy should be settledi n Canada, USA. Cont. 97804-26799**

* * * * *

**Suitable match for lobana sikh boy age 26 years height 5'10". B.tech (software developer) fair, slim, good looking. Presently working at Banglore, annual salary Rs. 20lac. Mother and father in govt service. Preferred simple sober beautiful and well educated girl. Contact 9466822688**

* * * * *

**Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270**

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ੬੮ਵੀਂ ਬਰਸੀ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਬੜੀ ਸ਼ਰਧਾ ਨਾਲ ਮਨਾਈ ਗਈ





















Regd No. 32212/78

Postal No.-- G/CHD/0111/2018-2020

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਬੜੀ ਸ਼ਰਧਾ ਨਾਲ ਮਨਾਈ ਗਈ











ਬੇਗੋਵਾਲ ਵਿਖੇ ਸੰਤ ਪ੍ਰੇਮ ਸਿੰਘ ਜੀ ਦੀ 68ਵੀਂ ਬਰਸੀ 'ਤੇ ਕੀਤੀ ਗਈ ਸੁੰਦਰ ਦੀਪਮਾਲਾ ਦਾ ਇਕ ਦ੍ਰਿਸ਼





ਗੁਰਦੁਆਰਾ ਸਿੰਘ ਸਭਾ ਗੋਲਡਨ ਐਵੀਨਿਊ ਮਕਸੂਦਾਂ (ਜਲੰਧਰ) ਵਿਖੇ ਸੰਤਾਂ ਦੀ ਬਰਸੀ ਦੇ ਸੰਬੰਧ ਵਿਚ ਲਾਏ ਗਏ ਕੈਂਪ 'ਤੇ ਸੰਗਤਾਂ ਨੂੰ ਸੰਬੋਧਨ ਅਤੇ ਮਹਾਨ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਬੀਬੀ ਜਗੀਰ ਕੌਰ ਜੀ